# ਅਧੂਰੇ ਚਾਅ...

# ਅਧੂਰੇ ਚਾਅ...

(ਕਾਵਿ ਸੰਗ੍ਰਹਿ)

**ਰਵੀ ਰਵਿੰਦਰ**

**Adhure Chaw**

*By*

**Ravi Ravinder**
H. No. 1346, Urban Estate
Phase-1, Dugri Road, Ludhiana
Mob: 99889-98303
E-mail : ravideep1971@rediffmail.com
ravideep1346@yahoo.co.in
www.jassitreasure.com

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

© *2011*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



# ਸਮਰਪਣ

ਪਿਤਾ ਸ. ਲਖਵੀਰ ਸਿੰਘ ਜੱਸੀ
ਤੇ
ਮਾਤਾ ਸਰਦਾਰਨੀ ਅਵਤਾਰ ਕੌਰ ਦੇ ਨਾਂਅ

# ਤਤਕਰਾ


- ਧੰਨਵਾਦੀ ਹਾਂ 9
- ਸੱਚੋ ਸੱਚ 11
- ਕੋਸ਼ਿਸ਼ 13
- ਖ਼ਿਆਲ ਔੜਦੇ ਨੇ 14
- ਤੇਰੀਆਂ ਗੱਲਾਂ 15
- ਇਕ ਸ਼ਹਿਰ 16
- ਰੋਕ ਸਕਿਆ ਨਾ 17
- ਮੇਰੇ ਪ੍ਰੀਤਮ 18
- ਬਗਲੇ ਭਗਤ 19
- ਕਾਸ਼! 20
- ਮਾਂ ਦਾ ਪਿਆਰ 21
- ਇਹ ਸੰਸਾਰ 23
- ਫ਼ਖ਼ਰ 24
- ਬੰਦ ਕਮਰੇ ਵਿਚ ਬੈਠਾ 25
- ਯਾਦ ਆਇਆ ਕਰਨਗੇ 26
- ਸੀਰਤ 27
- ਪੁੱਛਦਾ ਹਾਂ 28
- ਜ਼ਿਕਰ 29
- ਦਲਦਲ 30
- ਸਾਹਾਂ ਦਾ ਕਾਫ਼ਲਾ 31
- ਤੁਸੀਂ ਸਾਨੂੰ ਯਾਦ ਆਏ 32
- ਸਮਝਾ ਦਿੰਦੇ ਨੇ 33
- ਤੇਰੀ ਡੋਲੀ 34
- ਪਰਛਾਵੇਂ 35
- ਕੰਮਕਾਰ 36
- ਅਸੀਂ ਪੇਂਡੂ 37
- ਤੇਰੀ ਸੂਰਤ 38
- ਸਤਾਈ ਸਾਲ 39
- ਬਹਾਰਾਂ ਤੇ ਖਿਜਾਵਾਂ 40
- ਸੁਪਨਿਆਂ ਵਿਚ 41





- ਪੈਸੇ ਦੀ ਖ਼ਾਤਰ 42
- ਭਗਵਾਨ 43
- ਪਲ ਖ਼ੁਸ਼ੀ ਦੇ 44
- ਦਿਲ ਕਰੇ 45
- ਨਾਤਾ 46
- ਪੈਸੇ ਦੀ ਦੌੜ 47
- ਚੁੱਪ 48
- ਤੇਰੇ ਰੂਪ ਨੇ 49
- ਦਿਲਦਾਰ 50
- ਚਾਨਣੀ ਰਾਤ 51
- ਚਾਹਿਆ ਸੀ 52
- ਖ਼ਤ 53
- ਤੇਰੀ ਯਾਦ 54
- ਨਾ ਜੀਵਾਂ 55
- ਆਹ! 56
- ਸਾਡੀ ਜ਼ਿੰਦਗੀ 57
- ਸ਼ੱਕ 58
- ਚਿਰਾਗ਼ 59
- ਨਜ਼ਰਾਂ 60
- ਚਿੰਤਾ 61
- ਕਾਗਜ਼ੀ ਫੁੱਲ 62
- ਉਸ ਕਿਹਾ 63
- ਤੇਰਾ ਰੁਮਾਲ 64
- ਦਿਲ 65
- ਕੌੜੇ ਬੋਲ 66
- ਬਦਲੇ ਵਕਤ 67
- ਅਜਨਬੀ 68
- ਅਸੀਸ 69
- ਨੀਲੇ ਨੇਤਰ 70
- ਗੱਲ ਨਾ ਸੁਣ 71
- ਜ਼ਮੀਰਾਂ 72
- ਖ਼ਿਆਲ ਮੇਰੇ 73
- ਇੱਛਾ 74

- ਆ ਜਾਓ 75
- ਗ਼ਮਗੀਨ 76
- ਐ ਖ਼ੁਦਾ 77
- ਬੈਠੇ 78
- ਵੇ ਸੱਜਣਾ 79
- ਇਕੱਲੀ 80
- ਅਧੂਰੇ ਚਾਅ 81
- ਪੀੜ 82
- ਪਤਾ ਲਗਦਾ ਨਹੀਂ 83
- ਲੱਗਿਆ ਸੀ 84
- ਜੱਗ 85
- ਤੁਪਕਾ ਤੇਲ ਦਾ 86
- ਉਦਾਸ 87
- ਕੀ ਕਰੀਏ 88
- ਕੀ ਫ਼ਾਇਦਾ 89
- ਜਾਦੂ 90
- ਕੀ ਕਹਾਂ 91
- ਜਾਚ 92
- ਬਹਾਰ ਆਈ 93
- ਯਾਦਾਂ 94





# ਧੰਨਵਾਦੀ ਹਾਂ

ਆਪਣੇ ਬਹੁਤ ਸਤਿਕਾਰਯੋਗ ਸਵਰਗੀ ਪਿਤਾ ਸ੍ਰ. ਲਖਵੀਰ ਸਿੰਘ ਜੱਸੀ ਅਤੇ ਮਾਤਾ ਸਰਦਾਰਨੀ ਅਵਤਾਰ ਕੌਰ ਦਾ ਜਿਨ੍ਹਾਂ ਦੀ ਬਦੌਲਤ ਮੈਨੂੰ ਸੱਚ ਅਤੇ ਝੂਠ ਦੇ ਫ਼ਰਕ ਦਾ ਪਤਾ ਲੱਗਿਆ।

ਧੰਨਵਾਦੀ ਹਾਂ ਵਿਦਵਾਨ ਲੇਖਕ ਡਾ. ਆਤਮ ਹਮਰਾਹੀ ਜੀ ਦਾ ਜਿਨ੍ਹਾਂ ਨੇ ਮੁਢਲੇ ਵਕਤ ਮੇਰੀ ਪਿੱਠ ਥਾਪੜੀ

ਧੰਨਵਾਦ ਕਰਦਾ ਹਾਂ ਪ੍ਰਿ. ਮੁਹਿੰਦਰਦੀਪ ਗਰੇਵਾਲ ਜੀ ਦਾ ਜਿਨ੍ਹਾਂ ਦੇ ਕੋਲ ਬਹਿਕੇ ਕਵਿਤਾ ਦੀਆਂ ਬਰੀਕੀਆਂ ਨੂੰ ਸਮਝਿਆ।

ਤਹਿ ਦਿਲੋਂ ਸ਼ੁਕਰ-ਗੁਜ਼ਾਰ ਹਾਂ ਬਾਪੂ ਸ. ਜਗਦੇਵ ਸਿੰਘ ਜੱਸੋਵਾਲ ਦਾ ਜੋ ਮੇਰੀ ਹਮੇਸ਼ਾ ਪਿੱਠ ਥਾਪੜਦੇ ਹਨ।

ਮੈਂ ਧੰਨਵਾਦੀ ਹਾਂ ਸ. ਸ਼ਮਸ਼ੇਰ ਸਿੰਘ ਰਾਏ ਜੀ ਦਾ (ਪੰਜਾਬ ਰੇਡੀਓ ਲੰਡਨ) ਬਲਦੇਵ ਸਿੰਘ ਬਾਜਵਾ, ਮੋਤਾ ਸਿੰਘ ਸਰਾਏ ਯੂਰਪ ਸੱਥ, ਪ੍ਰਿਤਪਾਲ ਉਦਾਸੀ ਜੀ, ਜਨਮੇਜਾ ਜੌਹਲ।

ਮੀਡੀਆ ਪੰਜਾਬ ਜਰਮਨ ਸ. ਮਨਜੀਤ ਸਿੰਘ ਰੰਧਾਵਾ (ਪ੍ਰਤੀਨਿਧ) ਪੰਜਾਬ ਰੇਡੀਉ ਲੰਡਨ (ਪੰਜਾਬ) ਜਿਨ੍ਹਾਂ ਦੀ ਬਦੌਲਤ ਮੈਨੂੰ ਦੇਸ਼ਾਂ ਵਿਦੇਸ਼ਾਂ ਵਿਚ ਪਹਿਚਾਣ ਮਿਲੀ।

ਧੰਨਵਾਦੀ ਹਾਂ ਲੋਕ ਕਵੀ ਸੰਤ ਰਾਮ ਉਦਾਸੀ ਸਭਾ ਦੇ ਸੁਹਿਰਦ ਮੈਂਬਰਾਂ ਦਾ ਪਰਮਜੀਤ ਬਰਸ਼ਾਲ, ਗ਼ਜ਼ਲਗੋ ਤ੍ਰਿਲੋਚਨ ਲੋਚੀ, ਰੁਪਿੰਦਰ ਸਿੰਘ, ਸ. ਪ੍ਰੀਤਮ ਪੰਧੇਰ, ਗੁਰਚਰਨ ਕੋਚਰ, ਪਰਮਜੀਤ ਮਹਿਕ, ਕੁਲਵਿੰਦਰ ਧੀਮਾਨ, ਜਨਾਬ ਕੇਹਰ ਸਰੀਫ਼।

ਇੰਜੀ : ਸੁਰਜਨ ਸਿੰਘ, ਸ. ਕਰਮਜੀਤ ਔਜਲਾ (ਪ੍ਰਧਾਨ ਸਿਰਜਣਧਾਰਾ) ਸ. ਗੁਰਭਜਨ ਗਿੱਲ (ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ) ਪ੍ਰੋ. ਨਿਰਮਲ ਜੌੜਾ, ਮੋਤਾ ਸਿੰਘ, ਰਾਵਿੰਦਰ ਦੀਵਾਨਾ, ਗੁਰਬਚਨ ਲਾਡਪੁਰੀ, ਸੁਖਵਿੰਦਰ ਲਾਡਪੁਰੀ, ਹਰਭਜਨ ਧਰਨਾ, ਹਰਬੰਸ ਮਾਲਵਾ, ਜਗਛਰਨ ਛੀਨਾ, ਦਲਵੀਰ ਲੁਧਿਆਣਵੀ, ਮਨਜਿੰਦਰ ਧਨੋਆ, ਗੁਲਜਾਰ ਪੰਧੇਰ, ਅਮਰਜੀਤ ਸ਼ੇਰਪੁਰੀ, ਬਲਦੇਵ ਸਿੰਘ ਬਾਜਵਾ, ਗੁਰਦੀਸ਼ ਕੌਰ ਬਾਜਵਾ ਮੀਡੀਆ (ਪੰਜਾਬ ਜਰਮਨ), ਕੁਲਵੰਤ ਕੌਰ ਚੰਨ ਕਵਿਤਰੀ, ਪ੍ਰਗਟ ਸਿੰਘ ਗਰੇਵਾਲ, ਮਾਸਟਰ ਸਾਧੂ ਸਿੰਘ, ਸੰਦੀਪ ਰੁਪਾਲੋ, ਸ. ਦਰਬਾਰਾ ਤੁਰਮਰੀ, ਸ. ਹਰਭਗਤ ਸਿੰਘ ਤੁਰਮਰੀ, ਸੰਤ ਬਾਬਾ ਜਸਵੀਰ ਸਿੰਘ ਖਾਲਸਾ ਜੀ।

ਆਪਣੀ ਜੀਵਨ ਸਾਥਣ ਜਗਦੀਪ ਕੌਰ, ਛੋਟਾ ਵੀਰ ਹਰਨੇਕ ਜੱਸੀ, ਰਮਿੰਦਰ ਕੌਰ, ਦਲਵੀਰ ਸਿੰਘ ਸੰਧੂ, ਅਮਨ ਸੰਧੂ, ਸ. ਅਵਤਾਰ ਸਿੰਘ ਸੰਧੂ, ਮਾਤਾ ਮਹਿੰਦਰ ਕੌਰ ਸੰਧੂ, ਪਰਨਵ ਜੱਸੀ, ਦਿਵਜੋਤ ਜੱਸੀ, ਮਿਸਿਜ ਪ੍ਰੀਤ ਕੌਰ, ਤੰਨੂ ਦਾ ਜਿਹੜੇ ਮੇਰੀਆਂ ਲਿਖਤਾਂ ਦੇ ਸਭ ਤੋਂ ਪਹਿਲੇ ਪਾਠਕ ਹਨ।

ਮੈਂ ਧੰਨਵਾਦੀ ਹਾਂ ਆਪਣੇ ਛੋਟੇ ਵੀਰ ਅਲੀ ਰਾਜਪੁਰਾ ਦਾ ਜਿਸਦੀ ਕੋਸ਼ਿਸ਼ ਅਤੇ ਅਣਥੱਕ ਮਿਹਨਤ ਸਦਕਾ ਮੈਂ ਆਪਣੀ ਭਾਵਨਾ ਦੀ ਉਡਾਰੀ ਨੂੰ ਕਿਤਾਬੀ ਰੂਪ ਦੇ ਕੇ ਤੁਹਾਡੇ ਤੱਕ ਪੁੱਜਦਾ ਕਰ ਸਕਿਆ ਹਾਂ।



# ਸੱਚੋ ਸੱਚ

ਜੇ ਗੱਲ ਪਿਛੇਤਰ ਦੀ ਕਰਾਂ ਤਾਂ ਕਈ ਅਰਸੇ ਪਹਿਲਾਂ ਜਦੋਂ ਸੁਰਤ ਦੀ ਦੇਹਲੀ ਪੈਰ ਧਰਿਆ ਇਕ (ਹਾਦਸਾ ਇਹੋ ਜਿਹਾ ਵਾਪਰਿਆ) ਘਟਨਾ ਇਹੋ ਜਿਹੀ ਘਟੀ ਮਜਬੂਰਨ ਆਪ ਮੁਹਾਰੇ ਹੀ ਕੋਰੇ ਕਾਗਜ਼ਾਂ ਤੇ ਅੱਖਰ ਝਰੀਟੇ ਜਾਣ ਲੱਗੇ ਜੋ ਕਿ ਮੇਰੀ ਸੰਤੁਸ਼ਟੀ ਮੇਰੀ ਰਾਹਤ ਦਾ ਇਕ ਕੰਢਾ ਸਨ। ਉਨ੍ਹਾਂ ਦਿਨਾਂ ਹੀ ਸਾਹਿਤ ਪੜ੍ਹਨ ਤੇ ਸਾਹਿਤ ਰਚਨ ਵਾਲਿਆਂ ਨੂੰ ਜਾਨਣ ਦੀ ਇੱਛਾ ਮਨ ਵਿਚ ਜਨਮ ਗਈ ਸੀ ਜਿਸ ਕਿਸੇ ਦੇ ਲਿਖਣ ਦਾ ਪਤਾ ਲਗਦਾ ਤਾਂ ਉਹ ਮਨ ਨੂੰ ਮੱਲੋਜ਼ੋਰੀ ਭਾਅ ਜਾਂਦਾ।

ਉਨ੍ਹੀਂ ਦਿਨੀਂ ਲੋਕਾਂ ਦੇ ਮੂੰਹੋਂ ਵਿਦਵਾਨ ਲੇਖਕ ਡਾ. ਆਤਮ ਹਮਰਾਹੀ ਦੀ ਮਹਿਮਾ ਸੁਣ ਕੇ ਉਨ੍ਹਾਂ ਦੇ ਚਰਨੀ ਜਾ ਪਹੁੰਚਿਆ। ਜੋ ਕਿ ਸਾਡੇ ਹੀ ਗੁਆਂਢ ਵਿਚ ਰਹਿੰਦੇ ਸਨ। ਵੇਲੇ ਕੁਵੇਲੇ ਉਨ੍ਹਾਂ ਦੀ ਸੰਗਤ ਮਾਨਣ ਲੱਗਿਆ। ਉਨ੍ਹਾਂ ਦੀ ਸੰਗਤ ਨੇ ਮੇਰੀ ਸੋਚ ਨੂੰ ਇਕ ਨਵੀਂ ਰੰਗਤ ਦਿੱਤੀ ਅਤੇ ਮਨ ਅੰਦਰ ਹੋਰ ਉਤਸ਼ਾਹ ਭਰ ਦਿੱਤਾ ਜਿਸ ਨਾਲ ਨਿਰੰਤਰ ਲਿਖਣ ਲਈ ਆਪਣੇ ਮਨ ਨੂੰ ਰਾਜ਼ੀ ਕੀਤਾ ਪਰ ਸਮੇਂ ਤੇ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਦੁਨਿਆਵੀ ਰੁਝੇਵਿਆਂ ਤੇ ਪਰਿਵਾਰਕ ਜ਼ਿੰਦਗੀ ਨੇ ਮੇਰੀ ਕਲਮ ਨੂੰ ਨਾਗ ਕੁੰਡਲੀ ਮਾਰ ਲਈ ਤੇ ਕੁਝ ਸਮੇਂ ਲਈ ਲਿਖਣ ਵਿਚ ਖੜੋਤ ਪੈ ਗਈ, ਕੁਦਰਤੀ ਇਕ ਦਿਨ ਇਕ ਮਹਿਫਲ ਵਿਚ ਸੁਣਾਉਂਦਿਆਂ ਨੂੰ ਸੁਣ ਕੁਝ ਸੁਣਾਉਣ ਨੂੰ ਦਿਲ ਕੀਤਾ, ਪਰ ਚਿੱਤ ਚੇਤੇ 'ਚੋਂ ਵਿਸਰੇ ਸਭ ਕਾਸੇ ਨੇ ਮਨ ਨੂੰ ਝੰਜੋੜਿਆ। ਮੁੜ ਫਿਰ ਹੱਥਾਂ ਦੇ ਵਿਚ ਕਲਮ ਆ ਥੰਮੀ ਅਤੇ ਪੂਰੇ ਜੋਸ਼ ਤੇ ਹੋਸ਼ ਨਾਲ ਮੈਂ ਕਲਮ ਵਾਹੁਣ ਲੱਗਿਆ।

ਸਬੱਬੀ ਇਕ ਦਿਨ ਇੰਗਲੈਂਡ ਤੋਂ ਚਲਦੇ ਪੰਜਾਬ ਰੇਡੀਉ ਤੇ ਆਪਣੇ ਦਿਲ ਦੀ ਗੱਲ ਕਹਿਣ ਦਾ ਮੌਕਾ ਮਿਲਿਆ ਤਾਂ ਸਰੋਤਿਆਂ ਨੇ, ਮੈਨੂੰ ਕਾਫ਼ੀ ਉਤਸ਼ਾਹਿਤ ਕੀਤਾ। ਜਿਸ ਨਾਲ ਮੇਰੀ ਨਿਰੰਤਰਤਾ ਹੋਰ ਮਜ਼ਬੂਤ ਹੋ ਗਈ ਅਤੇ ਮੇਰੀ ਜਾਣ-ਪਛਾਣ ਦਾ ਦਾਇਰਾ ਹੋਰ ਖੁੱਲ੍ਹਿਆ। ਪੰਜਾਬ ਦੇ ਨਾਲ-ਨਾਲ ਵਿਦੇਸ਼ੀ ਸਾਂਝਾਂ ਵੀ ਪੱਕੀਆਂ ਹੋਈਆਂ।

ਸਾਹਿਤ ਪੜ੍ਹਦਿਆਂ-ਪੜ੍ਹਦਿਆਂ ਇਨਕਲਾਬੀ ਸ਼ਾਇਰ ਪਾਸ਼ ਤੇ ਸੰਤ ਰਾਮ ਉਦਾਸੀ ਦੀ ਸ਼ਖ਼ਸੀਅਤ ਕਾਫ਼ੀ ਟੁੰਭੀ ਅਤੇ ਅਸੀਂ ਕੁਝ ਸਾਹਿਤ ਦੀ ਮੱਸ ਰੱਖਣ ਵਾਲੇ ਸਾਥੀਆਂ ਨੇ ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਲਿਖਾਰੀ ਸਭਾ ਦਾ ਗਠਨ ਕੀਤਾ। ਜਿਸ ਲਈ ਮੈਨੂੰ ਪ੍ਰਸਿੱਧ ਗ਼ਜ਼ਲਗੋ ਸ. ਮੁਹਿੰਦਰ ਦੀਪ ਗਰੇਵਾਲ ਜੀ ਨੇ ਕਾਫ਼ੀ ਪ੍ਰੇਰਿਤ ਕੀਤਾ।

ਉਂਝ ਜੇ ਸਾਹਿਤ ਕਲਾ ਦੀ ਗੱਲ ਕਰੀਏ ਤਾਂ ਸਾਹਿਤ ਇਕ ਡੂੰਘਾ ਦੂਰ ਤੱਕ ਪਸਰਿਆ ਹੋਇਆ ਸਮੁੰਦਰ ਹੈ ਜਿਸ ਨੂੰ ਇਸ ਜਨਮ ਵਿਚ ਸਰ ਕਰਨਾ ਖਾਲਾ ਜੀ ਦਾ ਵਾੜਾ ਨਹੀਂ। ਮੇਰੇ ਅਨੁਸਾਰ ਮਨੁੱਖ ਨੂੰ ਨਿੱਕੀਆਂ-ਨਿੱਕੀਆਂ ਕੋਸ਼ਿਸ਼ਾਂ ਕਰਦੇ ਰਹਿਣਾ ਚਾਹੀਦਾ ਹੈ ਤੇ ਇਹ ਨਿੱਕੀਆਂ ਕੋਸ਼ਿਸ਼ਾਂ ਹੀ ਬੰਦੇ ਨੂੰ ਤਜਰਬੇਕਾਰ ਬਣਾਉਂਦੀਆਂ ਹਨ। ਮੈਂ ਖ਼ੁਦ ਆਪਣੇ-ਆਪ ਨੂੰ ਕਵੀ ਜਾਂ ਗ਼ਜ਼ਲਗੋ ਨਹੀਂ ਮੰਨਦਾ ਕਿਉਂਕਿ ਮੇਰੀਆਂ ਇਹ ਲਿਖਤਾਂ ਮੇਰੇ ਮਨ ਦੇ ਵਲਵਲੇ ਵਿਸ਼ਾ ਵਿਉਂਤਬੰਦੀ ਕੀਤੀਆਂ ਗੱਲਾਂ ਜੋ ਮੇਰੇ ਅਤੇ ਸਮਾਜ ਦੁਆਲੇ ਪਰਿਕਰਮਾ ਕਰਦੀਆਂ ਹਨ। ਇਨ੍ਹਾਂ ਲਿਖਤਾਂ ਵਿਚ ਮੈਂ ਆਪਣੇ ਦਿਲ ਦੀ ਗੱਲ ਕਹਿ ਕੇ ਖ਼ੁਦ ਨੂੰ ਹੌਲ਼ਾ ਹੋਇਆ ਮਹਿਸੂਸ ਕਰ ਰਿਹਾ ਹਾਂ।

ਭਾਵੇਂ ਮੈਂ ਕਈ ਅਰਸਿਆਂ ਤੋਂ ਕਲਮ ਵਾਹ ਰਿਹਾ ਹਾਂ ਪਰ ਅਜੇ ਵੀ ਵਿਦਵਾਨਾਂ ਦੀ ਅੱਖਾਂ 'ਚੋਂ ਵਿਦਵਤਾ ਪੱਖੋਂ ਰੜਕਣਗੀਆਂ। ਮੈਂ ਭਵਿੱਖ ਵਿਚ ਆਸ ਕਰਦਾ ਹਾਂ ਕਿ ਮੇਰੀ ਕਲਮ ਮਜ਼ਬੂਤ ਹੋਵੇ, ਮੇਰੀਆਂ ਲਿਖਤਾਂ 'ਚੋਂ ਸੋਚ ਅਤੇ ਸਾਹਿਤ ਦੀ ਮਹਿਕ ਆਵੇ। ਮੈਨੂੰ ਆਸ ਹੈ ਇਸ ਹਥਲੀ ਪੁਸਤਕ ਨੂੰ ਪੜ੍ਹਨ ਵਾਲਿਆਂ ਤੋਂ ਕਹਿ ਉਹ ਆਪਣੀ ਬੁੱਧੀ ਅਨੁਸਾਰ ਰਾਇ ਦੇਣਗੇ ਅਤੇ ਮੇਰੀਆਂ 'ਘਾਟਾਂ-ਵਾਧਾਂ' ਤੋਂ ਜਾਣੂ ਕਰਵਾਉਣਗੇ।

ਧੰਨਵਾਦ।

***-ਰਵੀ ਰਵਿੰਦਰ***



## ਕੋਸ਼ਿਸ਼

ਕੋਸ਼ਿਸ਼ ਮੈਂ ਵੀ ਕੀਤੀ ਸੀ
ਉਸ ਨੂੰ ਭੁੱਲਣ ਦੀ
ਪਰ ਭੁਲਾ ਨਹੀਂ ਸਕਿਆ
ਮੈਂ ਉਸ ਨੂੰ ਕਿਸੇ ਮੋੜ ਤੇ,
ਚੁਰਾਹੇ ਫੁੱਟਪਾਥ ਤੇ
ਲੱਭਦਾ ਰਿਹਾ।
ਅਜੀਬ ਜਿਹੀ ਯਾਦ
ਅਜੀਬ ਜਿਹੀ ਤੜਪ ਲੈ ਕੇ
ਹਰ ਵਕਤ ਮੇਰੇ ਜ਼ਿਹਨ ਵਿਚ
ਲੱਗੀ ਰਹਿੰਦੀ
ਮੈਂ ਉਸ ਨੂੰ ਚਾਹਕੇ ਵੀ
ਉਡੀਕਦਾ ਰਹਿੰਦਾ
ਪੁੱਛਦਾ ਹਾਂ ਮੈਂ
ਹਵਾ ਦੇ ਬੁੱਲ੍ਹਿਆਂ ਤੋਂ
ਉਸਦਾ ਹਾਲ, ਜਿਹੜੇ
ਉਸ ਦੇ ਸ਼ਹਿਰ ਵੱਲੋਂ ਆਉਂਦੇ ਹਨ
ਹਰ ਚੀਜ਼ ਵਿਚ
ਮੈਂ ਉਸ ਦਾ ਅਕਸ ਦੇਖਦਾ ਹਾਂ।
ਉਡੀਕਦਾ
ਤੇ ਦੁਆਵਾਂ ਮੰਗਦਾ ਹਾਂ
ਜਿਵੇਂ ਮਾਂ ਆਪਣੇ
ਲਾਮ ਤੇ ਗਏ ਪੁੱਤਰ ਦੀ
ਜ਼ਿੰਦਗੀ ਅਤੇ ਮੁੜ ਵਾਪਸ
ਆਉਣ ਲਈ ਰੱਬ ਕੋਲੋਂ ਮੰਗਦੀ ਹੈ।

## ਖ਼ਿਆਲ ਔੜਦੇ ਨੇ

ਖ਼ਿਆਲ ਔੜਦੇ ਨੇ ਮੈਨੂੰ ਜਿਹੜੇ
ਮੈਂ ਲਿਖੀ ਜਾਂਦਾ ਹਾਂ

ਜਿਹੜਾ ਕੁਝ ਸੁਣਦਾ, ਹਾਂ ਮਹਿਸੂਸ ਕਰਦਾ ਹਾਂ
ਉਹੀ ਕੁਝ ਇਨ੍ਹਾਂ ਕੋਰੇ ਕਾਗਜ਼ਾਂ ਤੇ ਲਿਖੀ ਜਾਂਦਾ ਹਾਂ।

ਲਗਦਾ ਪਤਾ ਨਹੀਂ, ਮੈਨੂੰ ਮੈਂ ਕੀ ਲਿਖਦਾ ਹਾਂ
ਜਿਹੜਾ ਕੋਈ ਸੁਣਾਉਂਦਾ ਹੈ ਕਹਾਣੀ ਲਿਖੀ ਜਾਂਦਾ ਹਾਂ।

ਅੱਜ ਤੱਕ ਲਿਖਿਆ ਜੋ, ਆਇਆ ਨਾ ਸਮਝ ਮੈਨੂੰ
ਮੈਂ ਤਾਂ ਦੁਨੀਆ ਕੋਲੋਂ ਆਪਣੀ ਤਾਰੀਫ਼ ਸੁਣੀ ਜਾਂਦਾ ਹਾਂ।

ਕੋਈ ਕਹਿੰਦਾ ਹੈ ਖਾਧੀ ਲਗਦੀ ਹੈ, ਚੋਟ ਕਰਾਰੀ ਇਸ਼ਕ ਵਿਚ
ਮੈਨੂੰ ਨਹੀਂ ਪਤਾ ਮੈਂ ਤਾਂ ਲਿਖੀ ਜਾਂਦਾ ਹਾਂ।

ਕੋਈ ਕਹਿੰਦਾ ਕਵੀ ਕੋਈ ਫਿਲਾਸਫ਼ਰ ਕਹਿੰਦਾ
ਮੈਂ ਇਨਸਾਨ ਹਾਂ ਪਰ ਫਿਰ ਵੀ ਇਹੋ ਜਿਹਾ ਬਣੀ ਜਾਂਦਾ ਹਾਂ।



## ਤੇਰੀਆਂ ਗੱਲਾਂ

ਤੇਰੀਆਂ ਗੱਲਾਂ ਮੈਨੂੰ ਯਾਦ ਆਉਂਦੀਆਂ ਨੇ।
ਮਾਰ ਮੁਕਾਵਣ ਨਾ ਬੜਾ ਤੜਫਾਉਂਦੀਆਂ ਨੇ।

ਮਿਲਦੇ ਸੀ ਕਿੱਦਾਂ, ਕਿੱਦਾਂ ਹੁੰਦੀਆਂ ਸੀ ਮੁਲਾਕਾਤਾਂ,
ਭੁੱਲੀਆਂ ਨ੍ਹੀਂ ਤੇਰੇ ਨਾਲ ਕੀਤੀਆਂ ਜੋ ਗੱਲਾਂ-ਬਾਤਾਂ,
ਕਰਕੇ ਵੀ ਯਾਦ ਤੈਨੂੰ ਅੱਖਾਂ ਅੱਥਰੂ ਵਹਾਉਂਦੀਆਂ ਨੇ

ਦਿਲ ਹਾਉਂਕੇ ਭਰਦਾ ਤੇ ਨੈਣੋਂ ਨੀਰ ਡੁਲ੍ਹਦਾ,
ਤੂੰ ਸੋਹਣਿਆਂ ਵੇ ਮੈਨੂੰ ਭੁੱਲਿਆ ਨੀ ਭੁਲਦਾ,
ਤੇਰੇ ਦਿੱਤੇ ਗ਼ਮ ਮੇਰੀਆਂ ਹੱਡੀਆਂ ਹੰਢਾਉਂਦੀਆਂ ਨੇ

ਅੱਜ ਬੁੱਲ੍ਹੀਆਂ ਉਤੇ ਭਾਵੇਂ ਮੇਰੇ ਸੱਜਣਾ ਵੇ ਹਾਸੀ ਏ,
ਉਤੋਂ ਹਸਦੇ ਵਸਦੇ ਆਂ ਅੰਦਰ ਘੋਰ ਉਦਾਸੀ ਏ,
ਕੀ ਕਰਾਂ ਯਾਦਾਂ ਚੰਦਰੀਆਂ ਮਾਰ ਮੁਕਾਉਂਦੀਆਂ ਨੇ

ਗ਼ਮ ਦੀ ਭੱਠੀ ਵਿਚ ਹੋਰ ਸੜਿਆ ਨੀ ਜਾਂਦਾ,
ਜਿਉਂਦਿਆਂ ਵੀ ਮਰਿਆ ਨੀ ਜਾਂਦਾ,
ਲੋਕਾਂ ਦੀਆਂ ਭੈੜੀਆਂ ਨਜ਼ਰਾਂ ਰਹਿਣ ਡਰਾਉਂਦੀਆਂ

## ਇਕ ਸ਼ਹਿਰ

ਇਕ ਸ਼ਹਿਰ ਹੈ ਜੋ ਮੈਨੂੰ ਲਗਦਾ ਰਿਹਾ ਪਿਆਰਾ,
ਇਸ ਜੱਗ ਤੋਂ ਹਮੇਸ਼ਾ ਲਗਦਾ ਰਿਹਾ ਨਿਆਰਾ।
ਮਿਲੀਆਂ ਨੇ ਮੈਨੂੰ ਇਸ ਤੋਂ, ਗ਼ਮੀਆਂ ਖ਼ੁਸ਼ੀਆਂ,
ਬਣਿਆ ਰਿਹਾ ਹੈ ਹਿਰਦਾ, ਫੁੱਲਾਂ ਦਾ ਇਕ ਕਿਆਰਾ।
ਰਹਿੰਦਾ ਕਦੇ-ਕਦੇ ਹੈ ਉਦਾਸੀਆਂ ਦਾ ਹਨੇਰਾ ਸੰਘਣਾ,
ਆਸਾਂ ਦੇ ਦੀਪ ਜਲਦੇ, ਦਿੰਦੇ ਰਹਿਣ ਹੁਲਾਰਾ।
ਨੇਤਰ ਹੁਸੀਨ ਇਕ ਦਮ ਕਰਦੇ ਨੇ ਮਨ 'ਚ ਰੌਸ਼ਨੀ,
ਚਾਹਿਆ ਮੁੜ ਕਦੀ ਵੀ ਦਿਸਦੇ ਨਹੀਂ ਦੁਬਾਰਾ।
ਇਹ ਜ਼ਿੰਦਗੀ ਹੈ ਗਰਦਸ਼, ਸੇਧਾਂ ਨੂੰ ਲੋਚਦੀ,
ਮਿਲਦਾ ਹੈ ਨਾਲ ਭਾਗਾਂ ਕੋਈ ਸਾਰਥਕ ਇਸ਼ਾਰਾ।
ਦਿੰਦੀ ਜਵਾਲ ਮੁਰਦੇ, ਸੰਜੀਵਨੀ ਜੋ ਮੋਹ ਦੀ,
ਮੈਨੂੰ ਹੁੰਗਾਰਿਆਂ 'ਚੋਂ ਮਿਲਿਆ ਸਦਾ ਸਹਾਰਾ।
ਸਾਗਰ ਹੁਸਨ ਦੇ ਵਿਚ, ਕਿਸ਼ਤੀ ਹਯਾਤ ਦੀ,
ਤੁਰਦੇ ਰਹੇ ਤਾਂ ਇਕ ਦਿਨ, ਜਾਂਦਾ ਹੈ ਮਿਲ ਕਿਨਾਰਾ।
ਇਹ ਸ਼ਹਿਰ ਜਾਪਦਾ ਹੈ, ਮੋਹ ਦੀ ਹੁਸੀਨ ਵਾਦੀ,
ਮੇਰੇ ਲਈ ਰਹੇਗਾ, ਇਹ ਚਾਨਣ ਮੁਨਾਰਾ।



## ਰੋਕ ਸਕਿਆ ਨਾ

ਰੋਕ ਸਕਿਆ ਨਾ ਮੈਂ ਤੈਨੂੰ ਵੇਖਦਾ ਰਿਹਾ,
ਤੂੰ ਨੈਣਾਂ ਤੋਂ ਹੁੰਦੀ ਗਈ ਓਹਲੇ ਮੈਂ ਵੇਖਦਾ ਰਿਹਾ।
ਅੱਖਾਂ ਦੇ ਮੂਹਰੇ ਛਾ ਗਿਆ ਹਨੇਰਾ ਸੰਘਣਾ,
ਦਿਲ ਤਿਲਮਲਾਇਆ ਕੁਝ ਪੱਲੇ ਨਾ ਰਿਹਾ।
ਵਾਅਦਿਆਂ ਦੇ ਨਾਗਾਂ ਮੈਨੂੰ ਬੁਰੀ ਤਰ੍ਹਾਂ ਡੰਗਿਆ,
ਯਾਦ ਨੇ ਪੁੱਛਿਆ ਨਾ ਪਾਣੀ ਮੈਂ ਤੜਫਦਾ ਰਿਹਾ।
ਵੇਖਦਾ ਰਿਹਾ ਮੈਂ ਚਿਹਰੇ ਹਰ ਰੋਜ਼ ਹਜ਼ਾਰਾਂ,
ਹਰ ਚਿਹਰੇ 'ਚੋਂ ਤੇਰਾ ਚਿਹਰਾ ਤਲਾਸ਼ਦਾ ਰਿਹਾ।
ਮਿਲਦੇ ਸੀ ਜਿੱਥੇ ਆਪਾਂ ਦੁਨੀਆ ਤੋਂ ਲੁਕ ਛਿਪ ਕੇ,
ਉਸ ਥਾਂ ਤੇ ਆ ਕੇ ਤੈਨੂੰ ਹਰ ਰੋਜ਼ ਉਡੀਕਦਾ ਰਿਹਾ।
ਪਾਉਂਦਾ ਰਿਹਾ ਹਰ ਰੋਜ਼ ਤੈਨੂੰ ਕਈ-ਕਈ ਖ਼ਤ,
ਮਿਲਿਆ ਜਵਾਬ ਨਾ ਮੈਂ ਜਵਾਬ ਉਡੀਕਦਾ ਰਿਹਾ।
ਕੰਢਿਆਂ ਦੇ ਨਾਲ ਵਲੂੰਧਰੇ ਗਏ ਨੇ ਹੱਥ ਮੇਰੇ,
ਫੁੱਲ ਸਮਝਕੇ ਕੰਢਿਆਂ ਨੂੰ ਮੈਂ ਪਲੋਸਦਾ ਰਿਹਾ।

## ਮੇਰੇ ਪ੍ਰੀਤਮ

ਮੇਰੇ ਪ੍ਰੀਤਮ ਹੁਣ ਤੁਸੀਂ ਆ ਜਾਉ
ਬਹੁਤ ਦੇਰ ਹੋ ਗਈ ਦਰਸ ਵਿਖਾ ਜਾਉ।
ਮੇਰੇ ਨੈਣਾਂ 'ਚੋਂ ਚਮਕ ਮੁਕਦੀ ਜਾਂਦੀ ਏ
ਮੇਰੀ ਜਵਾਨੀ ਹੁਣ ਢਲਦੀ ਜਾਂਦੀ ਏ
ਜੀਵਨ ਦੀ ਸ਼ਾਮ ਢਲ ਰਹੀ ਤੁਸੀਂ ਫੇਰਾ ਪਾ ਜਾਉ।
ਮੇਰੇ ਪ੍ਰੀਤਮ ਮੈਂ ਉਡੀਕਾਂ ਬਰੂਹਾਂ ਤੇ ਖੜੀ
ਮੇਰੀ ਟੁੱਟਦੀ ਜਾਂਦੀ ਏ ਸਾਹਾਂ ਦੀ ਲੜੀ
ਮੇਰੇ ਉਖੜੇ ਸਾਹਾਂ ਨੂੰ ਜ਼ਰਾ ਦਿਲਾਸਾ ਦੇ ਜਾਉ।
ਕਹਿੰਦੇ ਨੇ ਪਿਆਸੀ ਜੇ ਰੂਹ ਕੋਈ ਤੁਰ ਜਾਵੇ
ਪਹੁੰਚੇ ਨਾ ਆਪਣੀ ਮੰਜ਼ਿਲ ਤੇ ਰਾਹਾਂ 'ਚੋਂ ਭਟਕ ਜਾਵੇ
ਮੇਰੀ ਪਿਆਸੀ ਰੂਹ ਤ੍ਰਿਪਤ ਕਰ ਜਾਉ।
ਮੇਰੇ ਪ੍ਰੀਤਮ ਹੁਣ ਤੁਸੀਂ ਆ ਜਾਉ
ਬਹੁਤ ਦੇਰ ਹੋ ਗਈ ਦਰਸ ਵਿਖਾ ਜਾਉ।
✵



## ਬਗਲੇ ਭਗਤ

ਉਹ ਜੋ ਦੁਨੀਆ ਦੇ ਸਾਹਵੇਂ ਵਿਚਰਦੇ ਨੇ ਭੋਲੇ ਬਣਕੇ
ਦੁਨੀਆ ਤੋਂ ਉਹਲੇ ਹੋ ਕੇ ਕਰਦੇ ਨਾ ਕਾਰੇ ਜ਼ਹਿਰੀਲੇ ਨਾਗ ਬਣਕੇ
ਚਿਹਰੇ ਤੇ ਹਲਕੀ ਜਿਹੀ ਮੁਸਕਾਨ ਫਿਰਦੇ ਨੇ ਮਾਸੂਮ ਬਣਕੇ
ਕਰਦੇ ਸ਼ਿਕਾਰ ਨੇ ਭੋਲ਼ੇ ਜਿਹੇ ਬਗਲੇ ਭਗਤ ਬਣਕੇ
ਕਰਦੇ ਨੇ ਉਤੋਂ ਰਾਮ-ਰਾਮ ਫਿਰਦੇ ਨੇ ਛੁਰੀ ਛੁਪਾ ਕੇ
ਠੱਗ ਲੈਂਦੇ ਭੋਲ਼ੇ ਭਾਲ਼ੇ ਲੋਕਾਂ ਨੂੰ ਸੱਜਣ ਜਿਹੇ ਠੱਗ ਬਣਕੇ
ਨਾ ਧਰਮ ਹੈ ਨਾ ਈਮਾਨ ਹੈ ਇਨ੍ਹਾਂ ਇਨਸਾਨਾਂ ਦਾ
ਜਿੱਥੇ ਵੇਖਿਆ ਫਾਇਦਾ ਬਹਿ ਜਾਂਦੇ ਨੇ ਭੋਲ਼ੇ ਬਣਕੇ
'ਰਵੀ' ਰਹੀਂ ਬਚ ਕੇ ਭੋਲ਼ੀਆਂ ਸ਼ਕਲਾਂ ਤੋਂ
ਇਨ੍ਹਾਂ ਕੱਖ ਨੀ ਛੱਡਣਾ ਤੇਰਾ, ਤੇਰੇ ਪਿਆਰੇ ਬਣਕੇ
✵

## ਕਾਸ਼ !

ਮੈਂ ਹਰ ਵਾਰ ਕੋਸ਼ਿਸ਼ ਕੀਤੀ ਤੇਰਾ ਸਿਰਨਾਵਾਂ ਪੁੱਛਾਂ
ਪਰ
ਮੈਂ ਹਰ ਵਾਰ ਝਿਜਕਿਆ ਹਾਂ
ਉਹ ਛੇੜ ਲੈਂਦੀ ਐ ਹੋਰ ਕੋਈ
ਚੁੱਪ ਦਾ ਪਰਦਾ ਸਦਾ ਤਣਿਆ ਰਿਹਾ ਹੈ
ਸੱਚ ਕਹਿਨਾ ਕਿ ਮੈਨੂੰ ਤੇਰੇ ਸੰਗ ਮੋਹ ਹੋ ਗਿਆ
ਮੈਂ ਹਰ ਘੜੀ ਤੇਰੇ ਬਾਰੇ ਹੀ ਸੋਚਦਾ ਹਾਂ
ਤੇਰੀ ਸੂਰਤ ਤੇਰੇ ਨੈਣ ਨਕਸ਼
ਹਰ ਸਮੇਂ
ਮੇਰੇ ਮਨ ਦੇ ਅੰਬਰਾਂ ਵਿਚ ਝਿਲਮਿਲਾਉਂਦੇ ਹਨ
ਵਰ੍ਹੇ ਚਿਰ ਤੋਂ ਮੈਂ ਤੈਨੂੰ ਵੇਖਿਆ ਨਹੀਂ
ਮੈਂ
ਤੇਰੇ ਦੀਦਾਰ ਲਈ ਬਹਿਬਲ ਹੋ ਗਿਆ ਹਾਂ
ਕੀ ਤੇਰੇ ਮਨ ਵਿਚ ਅਜਿਹੀ ਤੜਪ ਨਹੀਂ ਹੈ?
ਜੋ ਤੈਨੂੰ ਮੇਰੇ ਲਈ ਮਿਲਣ ਬਾਰੇ ਉਕਸਾਉਂਦੀ ਹੋਵੇ
ਤੂੰ ਮੇਰੇ ਨਾਲ ਹਰ ਵਾਰ ਮਿਲਣ ਦਾ ਵਾਅਦਾ ਕੀਤਾ ਸੀ।
ਤੈਨੂੰ ਮਿਲਣਾ ਤੈਨੂੰ ਵੇਖਣਾ ਮੇਰੇ ਨਸੀਬਾਂ ਵਿਚ ਨਹੀਂ
ਤੂੰ ਜਦ ਇਕੱਲੀ ਹੁੰਦੀ ਏਂ, ਮੇਰੇ ਵਾਂਗ ਯਾਦ ਨਹੀਂ ਕਰਦੀ?
ਕੀ ਤੂੰ ਦੁਆ ਨਹੀਂ ਕਰਦੀ ਕਿ ਮੈਨੂੰ ਖੰਭ ਲੱਗ ਜਾਣ
ਤੇ ਮੈਂ ਉਡ ਕੇ ਤੇਰੇ ਕੋਲ ਪਹੁੰਚ ਜਾਵਾਂ
ਫਿਰ ਆਪਾਂ ਇਕ ਦੂਜੇ ਨੂੰ ਤੱਕੀਏ ਨਿਹਾਰੀਏ
ਬੋਲਾਂ ਦੀਆਂ ਅੰਮ੍ਰਿਤ ਘੁੱਟਾਂ ਪੀਵਏ
ਇਉਂ ਸੋਚਦਿਆਂ-ਸੋਚਦਆਂ ਰਾਤ ਲੰਘ ਜਾਂਦੀ ਹੈ
ਅਤੇ ਫਿਰ ਰਾਤ ਤੋਂ ਮਗਰੋਂ ਦਿਨ
ਸੋਚਾਂ ਦਾ ਇਹ ਸਿਲਸਿਲਾ ਨਿਰੰਤਰ
ਮੇਰੇ ਦਿਮਾਗ਼ ਵਿਚ ਚਲਦਾ ਰਹਿੰਦਾ ਹੈ।
ਕਾਸ਼! ਤੂੰ ਮੇਰੀ ਤੜਪ, ਮੇਰੀ ਖਾਹਿਸ਼
ਮੇਰੀ ਬਹਿਬਲਤਾ, ਮੇਰੀ ਲਿਵ ਜਾਣ ਸਕੇਂ
ਕਾਸ਼! ਕਾਸ਼!! ਕਾਸ਼!!!
✵



## ਮਾਂ ਦਾ ਪਿਆਰ

ਮਾਂ ਦੇ ਪਿਆਰ ਦਾ ਅਹਿਸਾਸ ਅਕਸਰ
ਉਸ ਦੇ ਉਹਲੇ ਹੋ ਜਾਣ ਤੋਂ ਬਾਅਦ ਹੁੰਦਾ ਹੈ।
ਮਾਂ-
ਇਕ ਅਜਿਹੀ ਸ਼ੈਅ ਹੈ
ਜੋ ਦੁਨੀਆ ਦੀ ਕੋਈ ਵੀ
ਕੀਮਤ ਅਦਾ ਕਰਕੇ
ਨਹੀਂ ਮਿਲ ਸਕਦੀ
ਉਸ ਦੀ ਮਮਤਾ ਵਿਚ
ਸਾਰਾ ਸੰਸਾਰ ਸਮਾਇਆ ਹੁੰਦਾ ਹੈ
ਹਰ ਇਕ ਨੂੰ ਆਪਣੀ ਮਾਂ ਬਹੁਤ ਪਿਆਰੀ ਹੁੰਦੀ ਹੈ।
ਮੈਨੂੰ ਵੀ ਮੇਰੀ ਮਾਂ ਬਹੁਤ ਚੰਗੀ ਲਗਦੀ ਹੈ
ਉਸ ਨਾਲ ਕਦੇ-ਕਦੇ ਗੱਲਾਂ ਕਰਨ ਨੂੰ
ਕਦੇ ਝਗੜਨ ਨੂੰ ਦਿਲ ਕਰਦਾ ਹੈ।
ਉਸ ਦੀਆਂ ਪਿਆਰੀਆਂ-ਪਿਆਰੀਆਂ ਗੱਲਾਂ
ਪਿਆਰੇ-ਪਿਆਰੇ ਥੱਪੜ ਖਾਣ ਨੂੰ
ਬਹੁਤ ਦਿਲ ਕਰਦਾ ਹੈ
ਉਸ ਦੀ ਮਸਤੀ ਤੇ ਕੁਰਬਾਨ ਜਾਣ
ਨੂੰ ਜੀਅ ਕਰਦਾ ਹੈ
ਜਦ ਪਿਉ ਦਾ ਗੁੱਸਾ ਜਿਹੜਾ
ਸਾਡੇ ਤੇ ਹੁੰਦਾ ਹੈ
ਆਪਣੇ ਤੇ ਸਹਿ ਲੈਂਦੀ ਹੈ
ਉਸ ਦੀ ਦੋਵਾਂ ਪਾਸੇ ਦੀ ਮੁਹੱਬਤ ਤੇ
ਹਰ ਕੋਈ ਕੁਰਬਾਨ ਹੋ ਜਾਵੇ।
ਜਦੋਂ ਕਿਤੇ ਉਸ ਤੋਂ ਦੂਰ ਜਾਣਾ ਹੋਵੇ
ਉਸ ਦਾ ਨਿੱਕੀ-ਨਿੱਕੀ ਗੱਲ ਤੇ ਵਾਰ-ਵਾਰ ਪੁੱਛਣਾ
ਆਹ ਚੀਜ਼ ਲੈ ਲਈ, ਆਹ ਚੀਜ਼ ਪਾ ਲਈ
ਬਹੁਤ ਚੰਗਾ ਲਗਦਾ ਹੈ।

ਮਾਂ ਦੀਆਂ ਦਿੱਤੀਆਂ ਹਦਾਇਤਾਂ
ਇੰਝ ਨਹੀਂ ਕਰਨਾ-ਲੜਨਾ ਨਹੀਂ
ਕਿਸੇ ਦੇ ਮਗਰ ਨਹੀਂ ਲੱਗਣਾ

ਉਸ ਦੀਆਂ ਗੁੱਸੇ ਭਰੀਆਂ ਗੱਲਾਂ
ਵਿਚੋਂ ਵੀ ਪਿਆਰ ਦੀ
ਝਲਕ ਮਿਲਦੀ ਹੈ।
ਮਾਂ ਚਾਹੇ ਕਿੰਨੀ ਵੀ ਗੁੱਸੇ ਹੋਵੇ
ਪਰ ਵਿਚੋਂ ਉਸ ਦੀ ਮਮਤਾ ਬਹੁਤ
ਨਾਜ਼ਕ ਹੁੰਦੀ ਹੈ।
ਜਿਹੜੀ ਥੋੜ੍ਹਾ ਜਿਹਾ
ਦਬਾਅ ਪੈਣ ਨਾਲ ਫੁੱਟ ਪੈਂਦੀ ਹੈ
ਪਿਆਰ ਦਾ ਸਾਗਰ ਵਹਿ ਤੁਰਦਾ ਹੈ
ਉਸ ਦੇ ਦਿਲ ਵਿਚੋਂ
ਉਸ ਦਾ ਪੁੱਤ ਦੁਨੀਆ ਲਈ ਕਿੰਨਾ ਵੀ
ਭੈੜਾ ਹੋਵੇ
ਪਰ
ਉਸ ਲਈ ਉਸ ਦਾ ਪੁੱਤਰ
ਸਾਰੇ ਜੱਗ ਤੋਂ ਪਿਆਰਾ ਤੇ ਨਿਆਰਾ ਹੁੰਦਾ ਹੈ।
☀



## ਇਹ ਸੰਸਾਰ

ਇਹ ਸੰਸਾਰ ਦੀ ਦੁਨੀਆ
ਅਜੀਬ ਦੇਖੀ
ਕੋਈ ਕਹਿੰਦਾ ਹੈ
ਇਸ਼ਕ ਬੁਰੀ ਬਲਾ ਹੈ
ਕੋਈ ਕਹਿੰਦਾ ਹੈ
ਜਿਸ ਨੇ ਇਸ਼ਕ ਨਹੀਂ ਕੀਤਾ
ਉਸ ਨੇ ਦੁਨੀਆ ਨਹੀਂ ਦੇਖੀ

ਦੱਸੋ ਮੈਂ ਕਿਸ ਤੇ
ਯਕੀਨ ਕਰਾਂ
ਕਹਿੰਦੇ ਨੇ ਇਸ਼ਕ ਸੱਚਾ ਹੋਵੇ
ਤਾਂ ਰੱਬ ਵੀ ਮਿਲ ਜਾਂਦਾ ਹੈ,
ਫਿਰ ਮੈਂ ਇਸ਼ਕ
ਕਰਾਂ ਕਿ ਨਾ ਕਰਾਂ?
ਪਰ ਮੈਨੂੰ ਤਾਂ ਦਿਸੇ
ਰੱਬ ਪਾਉਣ ਵਾਲੇ
ਮੈਨੂੰ ਤਾਂ ਸਾਰੇ ਮਿਲੇ
ਇਸ਼ਕ ਨੂੰ ਬਿਮਾਰੀ
ਕਹਿਣ ਵਾਲੇ,

ਜਿੰਨੇ ਵੀ ਮਿਲੇ
ਇਸ਼ਕ ਕਰਨ ਵਾਲੇ ਮੈਨੂੰ
ਦੋ ਪੈਰ ਪਰ੍ਹੇ ਦੀ ਹੋ ਕੇ
ਲੰਘ ਜਾਉ
ਸਾਰਿਆਂ ਨੇ ਇਹੋ
ਸਲਾਹ ਦਿੱਤੀ ਮੈਨੂੰ
☀

## ਫ਼ਖ਼ਰ

ਦਿਲ ਹੋ ਜਾਂਦਾ ਹੈ ਖ਼ੁਸ਼
ਜਦੋਂ ਤੇਰੀ ਝਿੜਕ ਸੁਣਦਾ ਹਾਂ
ਸਿਆਣੀਆਂ ਅਤੇ ਸਾਦਾ ਜਿਹਾ
ਤੇਰੀਆਂ ਗੱਲਾਂ ਸੁਣ ਕੇ
ਆ ਜਾਂਦਾ ਹੈ ਦਿਲ ਨੂੰ ਸਰੂਰ ਜਿਹਾ
ਖੰਭ ਲਾ ਕੇ ਉੱਡ ਜਾਂਦੀ ਹੈ
ਦਿਲ ਦੀ ਉਦਾਸੀ
ਜਦੋਂ ਤੇਰਾ ਮਿੱਠਾ ਜਿਹਾ
ਹਾਸਾ ਸੁਣਦਾ ਹਾਂ
ਫੋਲ ਕੇ ਤੇਰੇ ਕੋਲ
ਆਪਣੇ ਦਿਲ ਦੇ
ਦੁਖੜੇ ਮੈਂ ਫਿਰ
ਹਲਕਾ ਜਿਹਾ ਮਹਿਸੂਸ ਕਰਦਾ ਹਾਂ
ਸੁਣ ਕੇ ਤੇਰੇ ਦਿਲ ਵਿਚੋਂ
ਹਮਦਰਦੀ ਮੇਰੇ ਲਈ
ਮੈਂ ਤੇਰਾ ਦੋਸਤ ਹੋਣ ਦਾ ਫ਼ਖ਼ਰ ਮਹਿਸੂਸ ਕਰਦਾ ਹਾਂ
✵



## ਬੰਦ ਕਮਰੇ ਵਿਚ ਬੈਠਾ

ਬੰਦ ਕਮਰੇ ਵਿਚ ਬੈਠਾ
ਮੈਂ ਤੈਨੂੰ ਯਾਦ ਕਰਾਂ
ਇਹ ਕੰਧਾਂ ਦੀ ਚਾਰ ਦੀਵਾਰੀ ਅੜੀਏ
ਨਾਲੇ ਰੌਸ਼ਨਦਾਨ ਨੀ ਅੜੀਏ
ਹੁਣ ਮੇਰੇ ਸਾਥੀ ਨੀ ਅੜੀਏ
ਇਨ੍ਹਾਂ 'ਚੋਂ ਤੱਕ ਕੇ ਕਬੂਤਰਾਂ ਦੇ ਜੋੜੇ ਨੂੰ
ਮੈਂ ਦਿਲ ਨੂੰ ਧਰਵਾਸ ਧਰਾਂ
ਸੱਚੀਂ ਮੈਂ ਤੈਨੂੰ ਯਾਦ ਕਰਾਂ
ਤੇਰੇ ਨਾਲ ਬਿਤਾਇਆ ਪਲ
ਤੇਰੇ ਨਾਲ ਨੀ ਕੀਤੀਆਂ ਗੱਲਾਂ
ਮੈਂ ਫਿਰ ਤੈਨੂੰ ਯਾਦ ਕਰਾਂ
ਸੱਚੀਂ ਮੈਂ ਤੈਨੂੰ ਯਾਦ ਕਰਾਂ
ਕੰਧਾਂ ਦੀਆਂ ਤ੍ਰੇੜਾਂ ਜੋੜ ਕੇ ਅੜੀਏ
ਤੇਰੀ ਤਸਵੀਰ ਬਣਾਵਾਂ ਅੜੀਏ
ਫਿਰ ਰੱਜ-ਰੱਜ ਕੇ ਨਾਲ ਉਹਦੇ
ਮੈਂ ਗੱਲਾਂ ਕਈ ਹਜ਼ਾਰ ਕਰਾਂ
ਸੱਚੀਂ ਮੈਂ ਤੈਨੂੰ ਯਾਦ ਕਰਾਂ
ਅੱਖ ਦੇ ਝਪਕੇ ਵਿਚ ਬਦਲ ਲਵੇਂ
ਤਸਵੀਰ ਮੂਲ ਰੂਪ ਆਪਣਾ
ਜਿੱਦਾਂ ਤੂੰ ਬਦਲ ਗਈ
ਕੀਤੇ ਕੌਲ ਕਰਾਰਾਂ ਤੋਂ
ਵਗੇ ਨੀਰ ਮੇਰੇ ਨੈਣਾਂ 'ਚੋਂ
ਮੈਂ ਨਾ ਰੋਕ ਸਕਾਂ
ਮੈਂ ਤੈਨੂੰ ਯਾਦ ਕਰਾਂ
ਸੱਚੀਂ ਮੈਂ ਤੈਨੂੰ ਯਾਦ ਕਰਾਂ।
✵

## ਯਾਦ ਆਇਆ ਕਰਨਗੇ

ਜਦ ਉਹ ਸਾਨੂੰ ਯਾਦ ਆਇਆ ਕਰਨਗੇ
ਸਾਡੇ ਦਿਲ ਦੇ ਅੱਲ੍ਹੇ ਜ਼ਖ਼ਮ ਫਟ ਜਾਇਆ ਕਰਨਗੇ
ਦਵਾ ਦਾਰੂ ਕਰਾਂਗੇ ਉਨ੍ਹਾਂ ਦੇ ਭਰਨ ਲਈ
ਫਿਰ ਯਾਦ ਆਉਣ ਤੇ ਫਟ ਜਾਇਆ ਕਰਨਗੇ
ਜਦੋਂ ਬੋਲੇਗਾ ਸਾਡੇ ਬਨੇਰੇ ਉੱਤੇ ਕਾਂ
ਨੈਣ ਉਨ੍ਹਾਂ ਦੇ ਰਾਹਾਂ ਦੇ ਵਿਚ ਵਿਛ ਜਾਇਆ ਕਰਨਗੇ
ਯਾਦ ਆਏਗਾ ਉਨ੍ਹਾਂ ਦਾ ਚਮਕਦਾ ਚਿਹਰਾ
ਕਾਲੀਆਂ ਰਾਤਾਂ 'ਚ ਜੁਗਨੂੰ ਜਦ ਟਿਮਟਿਮਾਇਆ ਕਰਨਗੇ
ਕੱਢ ਲਵਾਂਗੇ ਦਿਲ ਦਾ ਗੁਬਾਰ ਬੰਦ ਕਮਰੇ 'ਚ
ਦੁੱਖ ਦਰਦ ਹੱਦ ਤੋਂ ਵੱਧ ਜਾਇਆ ਕਰਨਗੇ
ਮਹਿਫਲਾਂ ਵਿਚੋਂ ਵਰਤ ਜਾਇਆ ਕਰੇਗੀ ਚੁੱਪ
ਜਦ ਲੋਕੀ ਸਾਡੀਆਂ ਬਾਤਾਂ ਪਾਇਆ ਕਰਨਗੇ
ਜਦ ਲੋਕ ਆਪਣੇ ਅਫ਼ਸਾਨੇ ਸੁਣਾਇਆ ਕਰਨਗੇ।

✵



## ਸੀਰਤ

ਬੀਤੀ ਹੈ ਜੋ ਨਾਲ ਤੁਹਾਡੇ
ਉਹ ਕਿਸੇ ਨਾਲ ਨਾ ਬੀਤੇ
ਰੱਬ ਜ਼ੇਰਾ ਦੇਵੇ ਸਭ ਨੂੰ
ਜੀਕਣ ਤੁਸਾਂ ਨੇ
ਆਪਣੇ ਜ਼ਖ਼ਮ ਸੀਤੇ
ਉਪਰੋਂ ਰਹੇ ਹਸਦੇ
ਅੰਦਰ ਪਤਾ ਨੀ ਕਿੰਨੇ
ਗ਼ਮ ਦੇ ਸਾਗਰ ਪੀਤੇ
ਸੋਚਾਂ ਕਿਹੋ ਜਿਹੀ ਲਿਖੀ
ਰੱਬ ਨੇ ਤਕਦੀਰ ਤੁਸਾਂ ਦੀ
ਤੁਸੀਂ ਕਹਿੰਦੇ ਕਹਾਉਂਦੇ ਵੀ
ਨਿਰ ਉੱਤਰ ਕੀਤੇ
'ਰਵੀ' ਜਾਵੇ ਕੁਰਬਾਨ
ਤੁਸਾਂ ਦੀ ਸੀਰਤ ਉੱਤੇ

✵

## ਪੁੱਛਦਾ ਹਾਂ

ਪੁੱਛਦਾ ਹਾਂ ਸਵਾਲ ਮੈਂ ਉਹਨਾਂ ਨੂੰ
ਜਿਹੜੇ ਅੱਧਵਾਟੇ ਛੱਡ ਜਾਂਦੇ ਨੇ
ਆਪਣੇ ਪਿਆਰਿਆਂ ਨੂੰ
ਆਖ਼ਰ ਕੀ ਮਿਲਦਾ ਹੈ
ਅੱਧ-ਵਿਚਕਾਰ ਛੱਡ ਕੇ
ਕਿਹੜੀ ਖ਼ੁਸ਼ੀ ਮਿਲਦੀ ਹੈ, ਜ਼ਰਾ ਦੱਸਣ ਮੈਨੂੰ
ਉਹਨਾਂ ਨੂੰ
ਇਸ ਤਰ੍ਹਾਂ ਕਰਕੇ
ਉਨ੍ਹਾਂ ਦੀ ਜ਼ਿੰਦਗੀ ਨਾਲ ਖੇਲ੍ਹ ਕੇ
ਉਨ੍ਹਾਂ ਦੀਆਂ ਸੱਧਰਾਂ ਉਮੰਗਾਂ ਤੋੜਕੇ
ਅੰਬਰੀਂ ਚੜ੍ਹੀ ਚੜ੍ਹਾਈ ਪੀਂਘ ਦਾ
ਰੱਸਾ ਤੋੜ ਕੇ
ਜ਼ਰਾ ਦੱਸਣ ਮੈਨੂੰ
ਉਹ ਖੋਲ੍ਹ ਕੇ
ਜਿਹੜੇ ਇਸ ਤਰ੍ਹਾਂ ਕਰਦੇ ਨੇ
ਆਖ਼ਰ ਕੀ ਮਿਲਦਾ ਹੈ
ਪਿਆਰ ਨਾਲ ਭਰੇ ਦਿਲ ਤੋੜ ਕੇ



## ਜ਼ਿਕਰ

ਜਦ ਵੀ ਆਏਗਾ ਜ਼ਿਕਰ ਤੇਰਾ ਮੇਰੀਆਂ ਮਹਿਫ਼ਲਾਂ ਵਿਚ
ਮੇਰੀਆਂ ਅੱਖਾਂ ਦੇ ਹੰਝੂ, ਤੇਰਾ ਸੁਆਗਤ ਕਰਨਗੇ

ਜਦ ਹੋਣਗੇ ਤੇਰੇ ਚਰਚੇ, ਉਹ ਪਲ ਕਿੰਨੇ ਨਾਜ਼ਕ ਹੋਣਗੇ।
ਮੈਂ ਚੁੱਪ ਹੋਵਾਂਗਾ, ਪਰ ਸਭ ਉਸ ਵਿਚ ਸ਼ਾਮਲ ਹੋਣਗੇ।

ਗੁਜ਼ਰਨਗੇ ਇਸ ਤਰ੍ਹਾਂ ਹੁਣ ਵਰ੍ਹੇ ਮੇਰੇ ਜੁਦਾਈ ਵਿਚ
ਹੋਵਾਂਗਾ ਮੁਕਤ ਇਸ ਜੁਦਾਈ ਤੋਂ ਕਦੋਂ ਦਿਨ ਫਿਰਨਗੇ।

## ਦਲਦਲ

ਨਾ ਤੈਨੂੰ ਚੈਨ ਮਿਲਿਆ ਨਾ ਮੈਨੂੰ ਚੈਨ ਮਿਲਿਆ
ਪਿਆਰ ਇਕ ਅਜਿਹੀ ਦਲਦਲ ਹੈ,
ਫਸਿਆ ਜੋ ਇਸ ਵਿਚ ਮੁੜ ਨਿਕਲਣ ਦਾ ਟਾਇਮ ਨਾ ਮਿਲਿਆ।
ਵਰਤਿਆ ਸਾਡੇ ਨਾਲ ਵੀ ਇਹੀ ਭਾਣਾ,
ਜਦੋਂ ਸੀ ਤੂੰ ਮੈਨੂੰ ਮਿਲਿਆ।

ਮਿਲੀਆਂ ਪਹਿਲਾਂ-ਪਹਿਲਾਂ ਹੀ ਖ਼ੁਸ਼ੀਆਂ
ਮਗਰੋਂ ਦੁੱਖਾਂ ਦਾ ਸਾਗਰ ਹੀ ਮਿਲਿਆ।

ਕੀਤਾ ਬੇਖ਼ਬਰ ਹੋ ਕੇ ਪਿਆਰ ਜਿਹੜਾ
ਬਸ 'ਰਵੀ' ਨੂੰ ਤਨਹਾਈ ਦਾ ਸਾਥ ਹੀ ਮਿਲਿਆ।
✵



## ਸਾਹਾਂ ਦਾ ਕਾਫ਼ਲਾ

ਮੈਂ ਜਦ ਵੀ ਰੁਕਿਆ ਤੇਰੇ ਲਈ ਰੁਕਿਆ,
ਪਰ ਹਰ ਵਾਰ ਤੇਰੀ ਦਹਿਲੀਜ਼ ਤੋਂ ਨਿਰਾਸ਼ ਹੀ ਮੁੜਿਆ।

ਇਹ ਕਿਹੋ ਜਿਹੀ ਮੰਜ਼ਿਲ ਸੀ,
ਜਿਸ ਦੇ ਰਾਹ ਵਿਚ ਤੇਰਾ ਹੀ ਸਾਥ ਥੁੜਿਆ।

ਵਜਾਈ ਵੰਝਲੀ ਮੈਂ ਵੀ ਰਾਂਝੇ ਵਾਂਗ,
ਪਰ ਮੇਰੀ ਵੰਝਲੀ ਸੁਣ ਕੇ ਕੋਈ ਨਾ ਰੁਕਿਆ।

ਉਮੀਦ ਸੀ ਮਾਣ ਸੀ ਰੁਕੇਂਗਾ ਤੂੰ ਵੀ ਸਾਡੇ ਲਈ,
ਪਰ ਤੂੰ ਵੀ ਹੁਸਨ ਦੇ ਗਰੂਰ ਵਿਚ ਨਾ ਰੁਕਿਆ।

ਆਏ ਸਾਡੀ ਜ਼ਿੰਦਗੀ ਵਿਚ ਵੀ ਕਈ ਸਾਥੀ,
ਪਰ 'ਰਵੀ' ਤੈਨੂੰ ਦੇਖ ਕੇ ਹੀ ਸਾਹਾਂ ਦਾ ਕਾਫ਼ਲਾ ਰੁਕਿਆ।
✵

## ਤੁਸੀਂ ਸਾਨੂੰ ਯਾਦ ਆਏ

ਅੱਜ ਤੁਸੀਂ ਸਾਨੂੰ ਯਾਦ ਆਏ
ਉਹ ਸ਼ਾਮਾਂ ਯਾਦ ਆਈਆਂ
ਉਹ ਸਮੇਂ ਚੇਤੇ ਆਏ
ਸੈਰ ਕਰਨੀ ਸੜਕਾਂ 'ਤੇ
ਤੇਰੀ ਝਲਕ ਵੇਖਣ ਲਈ
ਅਸੀਂ ਫਿਰਨਾ ਆਲੇ-ਦੁਆਲੇ
ਤੇਰਾ ਬੁੱਲ੍ਹਾਂ ਵਿਚ ਚੁੰਨੀ ਦੱਬਣਾ
ਨੀਵੀਂ ਪਾਉਣੀ ਤੇ ਮੁਸਕਰਾਉਣਾ
ਨੈਣਾਂ ਮੂਹਰੇ ਅੱਜ ਉਹ ਸਾਰੇ ਨਜ਼ਾਰੇ ਆਏ
ਤੇਰਾ ਗੱਲ-ਗੱਲ ਤੇ ਨਾਰਾਜ਼ ਹੋਣਾ
ਤੈਨੂੰ ਰੁੱਸੇ ਨੂੰ ਮਨਾਉਣਾ
ਤੇਰਾ ਸ਼ੈੱਟ-ਅੱਪ ਕਹਿ ਕੇ ਚੁੱਪ ਕਰਾਉਣਾ
ਹਰ ਘੜੀ ਹਰ ਪਲ ਯਾਦ ਆਏ।
✵



## ਸਮਝਾ ਦਿੰਦੇ ਨੇ

ਆਪ ਕਹਿੰਦੇ ਨੇ ਆ ਕਰ ਲੈ ਦੀਦਾਰ ਮੇਰੇ
ਪਰ ਫਿਰ ਮੂੰਹ ਤੇ ਪਰਦਾ ਗਿਰਾ ਲੈਂਦੇ ਨੇ

ਜੇ ਨਾ ਜਾਈਏ ਤਾਂ ਹੁੰਦੇ ਨੇ ਨਾਰਾਜ਼
ਜੇ ਜਾਈਏ ਤਾਂ ਮੂੰਹ ਘੁੰਮਾ ਲੈਂਦੇ ਨੇ

ਮਿਲਣ ਦੀ ਗੱਲ ਕਰਦੇ ਹਾਂ ਉਨ੍ਹਾਂ ਨਾਲ
ਤਾਂ ਕੁਝ ਨਾ ਕੁਝ ਬਹਾਨਾ ਬਣਾ ਦਿੰਦੇ ਨੇ

ਅਸੀਂ ਤਾਂ ਕਈ ਵਾਰ ਕੀਤਾ ਹੈ ਪਰਪੋਜ਼ ਉਨ੍ਹਾਂ ਨੂੰ
ਕਹਿ ਕੇ ਨਾਈਸ ਏ ਫੋਨ ਫਰੈਂਡ ਚੁੱਪ ਕਰਾ ਦਿੰਦੇ ਨੇ

ਆਉਂਦਾ ਹੈ ਜਦ ਬੁਰਾ ਖ਼ਿਆਲ ਮਨ ਵਿਚ
ਤਾਂ ਉਹ ਚੰਗੇ ਦੋਸਤ ਦੀ ਤਰ੍ਹਾਂ ਸਮਝਾ ਦਿੰਦੇ ਨੇ
✵

## ਤੇਰੀ ਡੋਲੀ

ਤੇਰੀ ਡੋਲੀ ਨੂੰ ਸਜਾਉਣਾ ਲੋਕਾਂ ਫੁੱਲਾਂ ਦੇ ਨਾਲ,
ਮੇਰੀ ਅਰਥੀ ਸਜਾਉਣੀ ਚਿੱਟੇ ਕਫ਼ਨ ਦੇ ਨਾਲ

ਤੇਰੀ ਡੋਲੀ ਨੂੰ ਚੱਕਣਾ ਨੀ ਚਾਰ ਕੁਹਾਰਾਂ
ਮੇਰੀ ਅਰਥੀ ਨੂੰ ਵੀ ਮੋਢਾ ਦੇਣਾ ਚਾਰ ਯਾਰਾਂ

ਤੈਨੂੰ ਲੈ ਜਾਣਾ ਤੇਰੇ ਉਨ੍ਹਾਂ ਮਾਹੀ ਵਾਲੇ ਘਰ
ਮੈਨੂੰ ਪਹੁੰਚਾ ਦੇਣਾ ਉਨ੍ਹਾਂ ਸਮਸ਼ਾਨ ਵਾਲੇ ਘਰ

ਤੂੰ ਮਾਣੇਂਗੀ ਆਪਣੇ ਮਾਹੀ ਦੀ ਸੇਜ,
ਮੈਂ ਮਾਣਾਂਗਾ ਅੱਗ ਦੀਆਂ ਲਪਟਾਂ ਦਾ ਸੇਕ

ਤੂੰ ਵੀ ਸਿਮਟ ਜਾਣਾ ਮਾਹੀ ਦੀ ਬੁੱਕਲ ਵਿਚ
ਮੈਂ ਵੀ ਸਮਾ ਜਾਣਾ ਧਰਤੀ ਦੀ ਬੁੱਕਲ ਵਿਚ

✵



## ਪਰਛਾਵੇਂ

ਤੂੰ ਮੁੜ ਆ ਐਵੇਂ ਨਾ ਕਰ ਪਿੱਛਾ
ਉਸ ਬੇਈਮਾਨ ਪਰਛਾਵੇਂ ਦਾ
ਤੂੰ ਭਟਕ ਜਾਵੇਂਗਾ ਮੰਜ਼ਿਲ ਤੋਂ
ਪਿੱਛਾ ਕਰਦਾ-ਕਰਦਾ ਪਰਛਾਵੇਂ ਦਾ
ਹੱਥ ਤੇਰੇ ਕੁਝ ਨਹੀਉਂ ਲੱਗਣਾ
ਇਹਨੇ ਸਭ ਕੁਝ ਤੇਰਾ ਠੱਗਣਾ
ਤੈਨੂੰ ਕਿਤੇ ਦਾ ਨਹੀ ਇਨ੍ਹਾਂ ਛੱਡਣਾ
ਫਿਰ ਕੀ ਵਿਗਾੜ ਲਵੇਂਗਾ ਪਰਛਾਵੇਂ ਦਾ
ਪੱਤਣਾਂ ਦੇ ਤਾਰੂ ਡੁੱਬ ਗਏ ਨੇ
ਕਰਦੇ-ਕਰਦੇ ਪਿੱਛਾ ਪਰਛਾਵੇਂ ਦਾ
ਕੀ ਹੱਕ ਜਮਾ ਲਏਂਗਾ ਤੂੰ ਇਸ ਤੇ
ਹਰ ਕਦਮ ਤੇ ਬਦਲੇ ਰੂਪ ਪ੍ਰਛਾਵੇਂ ਦਾ

✵

## ਕੰਮਕਾਰ

ਚਲ ਮਨਾਂ ਚਲ ਉੱਠ ਚਲ ਹੁਣ ਤੂੰ
ਕੋਈ ਕਰ ਲੈ ਕੰਮ ਕਾਰ
ਕੰਮ ਕੀਤਿਆਂ ਸਰਨਾ ਨਹੀਉਂ
ਨਹੀਉਂ ਹੋਣਾ ਇਸ ਬਿਨ ਬੇੜਾ ਪਾਰ
ਬਹੁਤ ਕਰ ਲਈ ਤੂੰ ਐਸ਼ ਮਨਾਂ
ਹੁਣ ਕੁਝ ਕੰਮ ਨੂੰ ਵੀ ਹੱਥ ਮਾਰ
ਅੱਗੇ ਨਿਕਲ ਗਏ ਤੇਰੇ ਨਾਲ ਦੇ
ਤੂੰ ਕਿਉਂ ਉਥੇ ਹੀ ਬੈਠਾ ਪਥੋਲਾ ਮਾਰ
ਕਿਸਮਤ ਦਿੰਦੀ ਹੈ ਸਾਥ ਜੋ ਕਿਰਤ ਕਰਦੇ
ਕਿਸਮਤ ਦੇ ਸਹਾਰੇ ਕਿਉਂ ਰਿਹਾ ਜ਼ਿੰਦੜੀ ਗਾਲ਼।

✵



## ਅਸੀਂ ਪੇਂਡੂ

ਨੀ ਅਸੀਂ ਪੇਂਡੂ ਲੋਕ ਸਿੱਧੇ ਸਾਦੇ
ਕੋਈ ਵਿੰਗ-ਵਲੇਵਾਂ ਪਾਵੀਂ ਨਾ
ਅਸੀਂ ਸਮਝੀਏ ਹਰ ਇਕ ਨੂੰ ਆਪਣਾ
ਤੂੰ ਕੋਈ ਰੰਗ ਵਟਾਵੀਂ ਨਾ
ਮਿੱਠੇ ਬੋਲਾਂ ਤੇ ਮਰੀਏ ਅਸੀਂ ਤਾਂ
ਤੂੰ ਕਮਜ਼ੋਰੀ ਦਾ ਫਾਇਦਾ ਉਠਾਵੀਂ ਨਾ
ਕੋਈ ਜਾਨ ਮੰਗੇ ਤਾਂ ਜਾਨ ਦਈਏ ਕੀਤੇ ਕੌਲ ਨਿਭਾਈਏ
ਭਾਵੇਂ ਵੇਖ ਲਈਂ ਅਜ਼ਮਾ ਕੇ ਪਰ ਧੋਖਾ ਕਮਾਵੀਂ ਨਾ
ਨਫ਼ਰਤ ਤੋਂ ਰਹਿੰਦੇ ਅਸੀਂ ਕੋਹਾਂ ਦੂਰ
ਇਹ ਬੀਜ ਹਿਯਾਤੀ ਖੇਤੀ ਪਾਵੀਂ ਨਾ।

✵

## ਤੇਰੀ ਸੂਰਤ

ਤੇਰੀ ਸੂਰਤ ਦੇ ਸੱਜਣਾ ਵੇ ਹਰ ਰੋਜ਼ ਭੁਲੇਖੇ ਪੈਂਦੇ ਨੇ
ਜਦੋਂ ਹਾਕਾਂ ਮਾਰ ਬੁਲਾਉਂਦਾ ਹਾਂ ਤਾਂ ਲੋਕੀ ਪਾਗ਼ਲ ਕਹਿੰਦੇ ਨੇ
ਕਈ ਵਾਰ ਭੁਲਾਇਆ ਤੈਨੂੰ ਵੇ ਪਰ ਜਾਂਦਾ ਨਹੀਂ ਸਾਥੋਂ ਭੁੱਲਿਆ
ਹਰ ਸਮੇਂ ਗੁਆਚਿਆ ਰਹਿੰਦਾ ਹਾਂ ਲੋਕੀ ਝੱਲਾ-ਝੱਲਾ ਕਹਿੰਦੇ ਨੇ
ਤੂੰ ਕਿੱਥੇ ਰਹਿੰਨਾ ਕੀ ਕਰਦੈ ਕੋਈ ਖ਼ਬਰ ਨਹੀਂ ਹੈ ਸਾਨੂੰ ਵੇ
ਫੇਰੀ ਤੂੰ ਸੱਜਣਾ ਪਾਉਂਦਾ ਨਹੀਂ ਕਾਂ ਤਾਂ ਹਰ ਰੋਜ਼ ਬਨੇਰੇ ਬਹਿੰਦੇ ਨੇ
ਲੈ ਸਾਰ ਤੂੰ ਸਾਡੀ ਸੱਜਣਾ ਵੇ ਦੁੱਖ ਹੋਰ ਸਹਾਰੇ ਜਾਂਦੇ ਨਹੀਂ
ਬਣ ਆ ਜਾ ਹਵਾ ਦਾ ਬੁੱਲ੍ਹਾ ਵੇ ਸਾਡੇ ਪ੍ਰਾਣ ਤਾਂ ਮੁੱਕਦੇ ਜਾਂਦੇ ਨੇ
*



## ਸਤਾਈ ਸਾਲ

ਲੰਘ ਗਏ ਨੇ ਜ਼ਿੰਦਗੀ ਦੇ ਪੂਰੇ ਸਾਲ ਸਤਾਈ
ਇਸ ਦੁਨੀਆਦਾਰੀ ਦੀ ਸਾਨੂੰ ਸਮਝ ਨਾ ਆਈ
ਜਿਹੜੇ ਬੋਲੇ ਹੱਸ ਕੇ ਲੱਗੇ ਉਹ ਸਾਨੂੰ ਆਪਣੇ
ਵਾਰ ਉਨ੍ਹਾਂ ਨੇ ਕੀਤਾ ਜਦ ਅਸੀਂ ਪਿੱਠ ਘੁਮਾਈ
ਇਹ ਭੋਲੀਆਂ ਸ਼ਕਲਾਂ ਵਾਲੇ ਮਿੰਨੀ ਮੁਸਕਾਨ ਵਾਲੇ
ਇਨ੍ਹਾਂ ਨੇ ਵੀ ਸਾਨੂੰ ਆਪਣੀ ਕਰਾਮਾਤ ਵਿਖਾਈ
ਏਧਰ ਦੀ ਉਧਰ ਉਧਰ ਦੀ ਏਧਰ ਇਹ ਕਰਦੇ ਰਹੇ
ਇਹ ਜਾਣ ਛਲੇਡੇ ਵਾਂਗ ਆਪਣਾ ਰੰਗ ਵਟਾਈ
ਚੋਰੀ ਚਕਾਰੀ ਠੱਗੀ ਠੋਰੀ ਕਿਉਂ ਕਰਦੇ
ਕਹਿੰਦੇ ਨੇ ਇਸ ਬਿਨ ਚਲਦੀ ਨੀ ਆਈ ਚਲਾਈ
ਕਿਹੜਾ ਏ ਸੱਚਾ ਕਿਹੜਾ ਏ ਝੂਠਾ ਦੱਸ ਕਿਵੇਂ ਬੁੱਝੀਏ
ਇਹ ਬੁਝਾਰਤ ਰੱਬਾ ਤੇਰੀ ਸਾਡੀ ਸਮਝ ਨਾ ਆਈ
ਕਰੋ ਰਹਿਮਤ ਰੱਬ ਜੀ ਤੁਸੀਂ ਇਸ ਦੁਨੀਆ 'ਤੇ
ਕਰੋ ਬਰਾਬਰ ਹਰ ਇਕ ਨੂੰ ਫਿਰ ਮੁੱਕ ਜਾਏਗੀ ਝਾਕ ਝਕਾਈ।
*

## ਬਹਾਰਾਂ ਤੇ ਖਿਜਾਵਾਂ

ਬਹਾਰਾਂ ਵੀ ਆਈਆਂ ਖਿਜਾਵਾਂ ਵੀ ਆਈਆਂ
ਪਰ ਸਾਨੂੰ ਤੇਰੀਆਂ ਸਾਰਾਂ ਨਾ ਆਈਆਂ
ਹਵਾਵਾਂ ਦੇ ਹੱਥ ਤੈਨੂੰ ਘੱਲੇ ਸੁਨੇਹੇ
ਕਾਗਾਂ ਨੂੰ ਵੀ ਕੁੱਟ ਚੂਰੀਆਂ ਪਾਈਆਂ
ਪਹੁ ਵੀ ਫੁੱਟਿਆ ਤਰਕਾਲਾਂ ਵੀ ਹੋਈਆਂ
ਪਰ ਵਸਲਾਂ ਦੀਆਂ ਸਵੇਰਾਂ ਨਾ ਆਈਆਂ
ਬੀਤਦੇ ਜਾਂਦੇ ਨੇ ਦਿਨ ਜਵਾਨੀ ਦੇ ਇੰਝ ਹੀ
ਚਾਨਣੀਆਂ ਰਾਤਾਂ 'ਕੱਲੇ ਬਹਿ ਕੇ ਗੁਆਈਆਂ
ਅੰਬਰ ਦੇ ਤਾਰੇ ਅਸੀਂ ਗਿਣ-ਗਿਣ ਹਾਰੇ
ਭੁੱਲ ਚੱਲੀਆਂ ਸਾਨੂੰ ਇਕਾਈਆਂ ਦਹਾਈਆਂ
'ਰਵੀ' ਖੁੱਲ੍ਹ ਗਿਆ ਭੇਦ ਪ੍ਰੀਤ ਦਾ
ਗੱਲਾਂ ਤੋਂ ਗੱਲਾਂ ਲੋਕਾਂ ਲੱਖ ਬਣਾਈਆਂ
✵



## ਸੁਪਨਿਆਂ ਵਿਚ

ਸੁਪਨਿਆਂ ਵਿਚ ਰਾਤ ਨੂੰ
ਲਾ ਕੇ ਖੰਭ
ਮਾਰਦਾ ਹਾਂ ਉਡਾਰੀ
ਉੱਡਦਾ ਹਾਂ ਵਿਚ
ਅੰਬਰ ਦੇ
ਵੇਖਦਾ ਹਾਂ ਖਲਕਤ ਸਾਰੀ
ਖੁੱਲ੍ਹਦੀ ਹੈ ਅੱਖ ਜਦ ਮੇਰੀ
ਕਰਵਟ ਬਦਲ-ਬਦਲ
'ਕੱਠੀ ਹੋਈ ਹੁੰਦੀ ਹੈ ਚਾਦਰ ਸਾਰੀ
ਹੁੰਦਾ ਹੈ ਨਵਾਂ ਸਵੇਰਾ
ਪਰ ਮੇਰੀ ਕਿਸਮਤ ਵਿਚ ਹਨੇਰਾ
ਫਿਰ ਸ਼ੁਰੂ ਹੋ ਜਾਂਦੀ ਰੋਜ਼ ਦੀ ਖੱਜਲ ਖੁਆਰੀ
ਮੁੜ ਆਉਂਦਾ ਹਾਂ ਵਾਪਸ ਘਰ
ਥੱਕ ਹਾਰ ਕੇ ਫੱਕ ਕੇ
ਰਾਹਾਂ ਦੀ ਮਿੱਟੀ ਸਾਰੀ
ਇਹ ਕੋਈ ਜ਼ਿੰਦਗੀ ਹੈ ਅੰਦਰੋਂ-ਅੰਦਰੀ ਝੂਰਦਾ ਹਾਂ
ਨਿੱਕੀ-ਨਿੱਕੀ ਗੱਲ ਤੇ ਸਾਰਿਆਂ ਨੂੰ ਘੂਰਦਾ ਹਾਂ
ਲੰਘ ਜਾਂਦੀ ਹੈ ਸੋਚਾਂ ਵਿਚ ਸ਼ਾਮ ਸਾਰੀ
ਦਿਨ ਲੰਘ ਜਾਂਦਾ ਹੈ ਧੱਕੇ ਧੋਲਿਆਂ ਵਿਚ
ਰਾਤ ਨੂੰ ਆ ਜਾਂਦੀ ਹੈ
ਖੁਆਬਾਂ ਵਿਚ ਉੱਡਣ ਦੀ ਵਾਰੀ
✵

## ਪੈਸੇ ਦੀ ਖ਼ਾਤਰ

ਕੌਣ ਕੋਈ ਏਥੇ ਕਿਸੇ ਦੀ ਪ੍ਰਵਾਹ ਕਰਦਾ ਏ
ਭਾਈ ਵੀ ਭਾਈ ਨੂੰ ਵੇਖ ਨਾ ਜ਼ਰਦਾ ਏ
ਪੈਸਾ-ਪੈਸਾ ਕਰਦੀ ਏ ਸਾਰੀ ਦੁਨੀਆ
ਪੈਸੇ ਦੀ ਖ਼ਾਤਰ ਪੁੱਤ-ਪਿਉ ਦੇ
ਗਲ ਅੰਗੂਠਾ ਧਰਦਾ ਹੈ
ਕੋਈ ਲਾਲਚ ਕੋਈ ਗਰਜ਼ ਹੁੰਦੀ ਏ ਬੰਦੇ ਨੂੰ
ਨਾਂ ਦੀ ਖ਼ਾਤਰ ਬੰਦਾ ਵੇਖੋ ਕੀ ਕੁਝ ਕਰਦਾ ਏ
ਪਾਪਾਂ ਦੀ ਪੰਡ ਚੁੱਕਣ ਤੋਂ ਵੀ ਨਾ ਡਰਦਾ ਏ
ਵਾਹ! ਕਿਆ ਸਮਾਜ ਏ ਮਹਾਨ ਭਾਰਤ ਦਾ
ਜਿਉਂਦੇ ਨੂੰ ਪੁੱਛਦੇ ਨਹੀਂ ਵੰਡਦੇ ਨੇ ਲੱਡੂ ਜਦ ਉਹ ਮਰਦਾ ਏ
ਕਰ ਲੈਣ ਦੇ ਦੁਨੀਆ ਨੂੰ ਵੀ ਮਨ ਆਈਆਂ
ਕਦ ਕਾਵਾਂ ਦੇ ਆਖੇ ਢੱਗਾ ਮਰਦਾ ਏ
✵



## ਭਗਵਾਨ

ਪੜ੍ਹ ਚਾਰ ਕਿਤਾਬਾਂ ਆਦਮੀ ਏਥੇ ਬਣ ਗਏ ਨੇ ਭਗਵਾਨ
ਇਹ ਭੋਲ਼ੀ ਭਾਲ਼ੀ ਜਨਤਾ ਦੇ ਬਣ ਗਏ ਲੁਟੇਰੇ ਪ੍ਰਧਾਨ
ਕੋਈ ਭਗਵੇਂ ਕੱਪੜੇ ਪਾ ਕੇ ਨਾਲ ਸਾਥੀ ਚਾਰ ਰਲਾਕੇ
ਗੋਡੀਂ ਹੱਥ ਲਵਾਕੇ ਕਹਾਉਂਦੇ ਨੇ ਸੰਤ ਮਹਾਨ
ਹੱਥ ਬੰਨ੍ਹਕੇ ਸੀਸ ਨਵਾਉਂਦੇ ਲੋਕਾਂ ਨਾਲ ਮੋਹ ਜਿਤਾਉਂਦੇ
ਉਪਰੋਂ-ਉਪਰੋਂ ਭਗਵਾਨ ਨੇ ਲੋਕੋ ਪਰ ਅੰਦਰੋਂ ਹਨ ਸ਼ੈਤਾਨ
ਕੁਝ ਪੈਸੇ ਵਾਲੇ ਲੋਕੀ ਸਾਥੀ ਨੇ ਇਨ੍ਹਾਂ ਭਗਵਾਨਾਂ ਦੇ
ਲੁੱਟਦੇ ਨੇ ਰਲ ਕੇ ਲੋਕਾਂ ਨੂੰ ਫਿਰ ਕਰਦੇ ਭਗਵਾਨਾਂ ਦਾ ਸਨਮਾਨ
ਗੁਰਦੁਆਰੇ ਮੰਦਰ ਮਸਜਿਦ ਇਹ ਉਸਾਰੀ ਜਾਂਦੇ ਨੇ
ਭੁੱਖੇ ਨੂੰ ਰੋਟੀ ਨਹੀਂ ਦਿੰਦੇ ਇਹ ਅਮੀਰਾਂ ਦੇ ਭਗਵਾਨ
✵

## ਪਲ ਖ਼ੁਸ਼ੀ ਦੇ

ਇਹ ਪਲ ਖ਼ੁਸ਼ੀ ਦੇ ਕੱਲ੍ਹ ਯਾਦਾਂ ਬਣ ਜਾਣਗੇ।
ਇਹ ਜੋ ਮਿਲ ਰਹੇ ਨੇ ਹੱਸ ਕੇ ਕੱਲ੍ਹ ਵਿਛੜ ਜਾਣਗੇ।
ਚੰਦ ਵੀ ਚੜ੍ਹੇਗਾ ਤੇ ਟਹਿਕਣਗੇ ਵੀ ਤਾਰੇ
ਜੋ ਵਿਛੜੇ ਪਿਆਰੇ ਉਹ ਮੁੜ ਨਾ ਆਉਣਗੇ
ਬੈਠ ਇਕੱਲੇ ਖੋ ਕੇ ਅਤੀਤ ਦੀ ਬੁੱਕਲ ਵਿਚ
ਮਾਰਾਂਗੇ ਹਾਕਾਂ ਪਰ ਜਵਾਬ ਨਾ ਆਉਣਗੇ
ਉਘੜੇ ਦੁਘੜੇ ਰਾਹਾਂ ਤੇ ਚਲਦੇ ਕਦਮ
ਕੁਝ ਦੂਰ ਚੱਲ ਕੇ ਇਹ ਵੀ ਡਗਮਗਾ ਜਾਣਗੇ
ਹੋਰ ਕਿੰਨੀ ਕੁ ਦੇਰ ਜੀਵਾਂਗੇ ਯਾਦਾਂ ਦੇ ਸਿਰ ਤੇ
ਉੜਕ ਇਕ ਦਿਨ ਸਾਹ ਸਾਡੇ ਵੀ ਉੱਖੜ ਜਾਣਗੇ।
*



## ਦਿਲ ਕਰੇ

ਦਿਲ ਕਰੇ ਕਿਧਰੇ ਮੈਂ ਅੱਜ ਜਾਵਾਂ ਗੁਆਚ
ਇਕਾਂਤ ਵਿਚ ਉਸ ਨੂੰ ਪਾਵਣ ਦੀ ਮੈਂ ਸਿੱਖਾਂ ਜਾਚ

ਮਿਲ ਜਾਵੇ ਮੈਨੂੰ ਕੋਈ ਇਹੋ ਜਿਹੀ ਥਾਂ
ਲੱਭ ਸਕੇ ਨਾ ਮੈਨੂੰ ਆਪਣਾ ਆਪ

ਮੈਂ ਮੇਰੀ ਮਰ ਜਾਵੇ ਤੇ ਤਾਂਘ ਉਸ ਦੀ ਜਗ ਜਾਵੇ
ਹਰ ਕਿਸੇ ਵਿਚ ਦਿਖੇ ਮੈਨੂੰ ਉਹ ਪਵਿੱਤਰ ਪਾਕ

ਨਾ ਰਹੇ ਕੋਈ ਡਰਾਵਾ ਤੇ ਨਾ ਰਹੇ ਛਲਾਵਾ
ਸੱਚ ਦੇ ਰਾਹ 'ਤੇ ਤੁਰਦਿਆਂ ਆਵੇ ਨਾ ਕੋਈ ਆਂਚ
*

## ਨਾਤਾ

ਜਦੋਂ ਦਾ ਨਾਤਾ ਤੇਰਾ ਮੇਰੇ ਨਾਲ ਜੁੜਿਆ ਹੈ
ਮਨ ਖ਼ੁਸ਼ੀਆਂ ਦੇ ਹੜ੍ਹ ਵਿਚ ਰੁੜ੍ਹਿਆ ਹੈ

ਜਦ ਇਕੱਲਾ ਸੀ ਕਿਸੇ ਨਾਲ ਜੁੜਨ ਨੂੰ ਫਿਰਦਾ ਸੀ
ਹੁਣ ਜੁੜ ਕੇ ਪਲ ਦੋ ਪਲ ਮਗਰੋਂ ਫਿਰਦਾ ਕੁੜਿਆ ਹੈ

ਫੁੱਲ ਲਗਦਾ ਸੀ ਚੰਗਾ ਜਦ ਟਾਹਣੀ ਦੇ ਨਾਲ ਜੁੜਿਆ ਸੀ
ਗਵਾਈ ਮਹਿਕ ਪਲ ਪਿੱਛੋਂ ਜਦੋਂ ਕਿਸੇ ਤੋਂ ਤੁੜਿਆ ਹੈ।

ਬੜਾ ਚੰਚਲ ਸ਼ੋਖ ਹੈ ਮਨ ਭਟਕਦਾ ਰਹਿੰਦਾ ਹੈ
ਯਾਦਾਂ ਦੀ ਪਗਡੰਡੀ ਰਾਹੀਂ ਕਿਤੇ ਹੋਰ ਜੁੜਿਆ ਹੈ।



## ਪੈਸੇ ਦੀ ਦੌੜ

ਪੈਸੇ ਦੀ ਦੌੜ ਨੇ ਵੇਖੋ ਕੀ ਕਰਾਇਆ
ਬਣਾਇਆ ਸੀ ਬੰਦਾ ਰੱਬ ਨੇ ਆਪਣਾ ਰੂਪ
ਪਰ ਪੈਸੇ ਨੇ ਇਸ ਨੂੰ ਸ਼ੈਤਾਨ ਬਣਾਇਆ ਹੈ

ਭਰਾ-ਭਰਾ ਦਾ ਵੈਰੀ ਬਣ ਗਿਆ
ਮਾਂ ਪਿਉ ਦੀ ਇੱਜ਼ਤ ਨੂੰ ਵੀ ਪੁੱਤ ਨੇ
ਖ਼ਾਤਰ ਪੈਸੇ ਦੀ ਮਿੱਟੀ ਮਿਲਾਇਆ ਹੈ

ਬੰਦੇ ਜੋ ਸ਼ੈਤਾਨ ਬਣੇ
ਉਨ੍ਹਾਂ ਹੋਰ ਮਹਾਨ ਬਣਨ ਲਈ
ਬੰਦੇ ਨੂੰ ਹੀ ਆਪਣਾ ਗੁਲਾਮ ਬਣਾਇਆ ਹੈ

ਵਪਾਰੀਆਂ ਅੱਤ ਹੋਰ ਕਰ ਦਿੱਤੀ
ਕਰਕੇ ਕੁਦਰਤ ਨਾਲ ਖਿਲਵਾੜ
ਧਰਤੀ ਨੂੰ ਪਰਲੋ ਦੇ ਨੇੜੇ ਪਹੁੰਚਾਇਆ ਹੈ

ਕੱਟ-ਕੱਟ ਕੇ ਜੰਗਲ ਕਰ ਦਿੱਤੀ
ਰੰਡੀ ਧਰਤੀ ਰੱਬ ਦੀ
ਤਾਹੀਓਂ ਤਪਸ਼ ਦਾ ਨਜ਼ਾਰਾ ਵਖਾਇਆ ਹੈ

ਮਾਰ-ਮਾਰ ਕੇ ਜਾਨਵਰਾਂ ਨੂੰ
ਕਈਆਂ ਦੀ ਨਸਲ ਮੁਕਾ ਦਿੱਤੀ
ਕਈਆਂ ਨੂੰ ਅਲੋਪ ਹੋਣ ਦੇ ਕਿਨਾਰੇ ਪਹੁੰਚਾਇਆ ਹੈ

ਲੱਗ ਪਏ ਬਰਫ਼ ਦੇ ਤੋਦੇ ਪਿਘਲਣ
ਵਧ ਗਿਆ ਸਮੁੰਦਰਾਂ ਦਾ ਪਾਣੀ
ਕਈ ਦੇਸ਼ਾਂ ਨੂੰ ਗਰਕਣ ਦੇ ਕੰਢੇ ਪਹੁੰਚਾਇਆ ਹੈ

ਖ਼ਾਤਰ ਪੈਸੇ ਦੀ ਹੁਣ ਚੰਦ ਤੇ ਜਾਣ ਲੱਗਾ
ਮੰਗਲ ਗ੍ਰਹਿ ਤੇ ਵੀ ਪਾਣੀ ਲੱਭਣ ਲੱਗਾ
ਪਾ ਧਰਤੀ ਤੇ ਗੰਦ ਉਪਰ ਨਜ਼ਰ ਨੂੰ ਟਕਾਇਆ ਹੈ।

## ਚੁੱਪ

ਨੀ ਸਾਨੂੰ ਤੇਰੀ ਚੁੱਪ ਸਾਦਗੀ ਨੇ ਮਾਰਿਆ
ਤੂੰ ਇਕ ਵਾਰੀ ਵੀ ਨਹੀਂ ਅਸੀਂ ਸੌ ਵਾਰ ਨਿਹਾਰਿਆ

ਨਾ ਮੁੜ ਤੱਕਿਆ ਨਾ ਸਿਰ ਤੋਂ ਦੁਪੱਟਾ ਲੱਥਿਆ
ਅਸੀਂ ਤਾਂ ਬੜੇ ਜ਼ੋਰ ਦੀ ਸੀ ਖੰਘੂਰਾ ਮਾਰਿਆ

ਇਹ ਦਿਲ ਦੀਵਾਨਾ ਹੋ ਗਿਆ ਤੇਰਾ ਮਸਤਾਨਾ ਹੋ ਗਿਆ
ਤਾਹੀਂ ਤਾਂ ਤੇਰਾ ਹਰ ਵਾਰ ਇਸ ਹੱਸ ਕੇ ਸਹਾਰਿਆ

ਬਦਨ ਤੇਰੇ ਦੀ ਮਹਿਕ ਨੇ ਫੁੱਲਾਂ ਦੀ ਮਹਿਕ ਪਾਈ ਫਿੱਕੀ
ਪਤਾ ਨੀ ਰੱਬ ਨੇ ਤੇਰੇ ਬਦਨ ਤੋਂ ਕਿਹੜਾ ਇਤਰ ਵਾਰਿਆ

ਕਿਸੇ ਨੇ ਮਹਿਕ ਕਿਸੇ ਨੇ ਖ਼ੁਸ਼ਬੂ ਰੱਖਿਆ ਨਾਂ
ਫੁੱਲ ਗੁਲਾਬੀ 'ਰਵੀ' ਨੇ ਕਹਿ ਕਈ ਵਾਰ ਪੁਕਾਰਿਆ



## ਤੇਰੇ ਰੂਪ ਨੇ

ਜੇ ਤੇਰੇ ਰੂਪ ਨੇ ਉਕਸਾਇਆ ਨਾ ਹੁੰਦਾ
ਮੈਂ ਲੋਕਾਂ ਕੋਲੋਂ ਰਾਂਝਾ ਸਦਵਾਇਆ ਨਾ ਹੁੰਦਾ

ਨਾ ਤੇਰੀ ਮੈਂ ਹੀਰੇ ਸੇਜ 'ਤੇ ਆ ਕੇ ਸੌਂਦਾ
ਮਿਹਣਿਆਂ ਘਰੋਂ ਜੇ ਕਢਵਾਇਆ ਨਾ ਹੁੰਦਾ

ਤੂੰ ਬੇ-ਪ੍ਰਵਾਹ ਫੁੰਕਾਰੇ ਮਾਰਦੀ ਨਾਗਣ
ਨਾ ਜਾਣੀ ਸੀ ਕੀਲੀ ਵੰਝਲੀ 'ਤੇ ਸੁਰ ਲਾਇਆ ਨਾ ਹੁੰਦਾ

ਤੇਰੇ ਬਾਪ ਨੇ ਵੀ ਜਾਣਾ ਸੀ ਮੰਨ ਲਗਦਾ ਹੈ
ਜੇ ਕੈਦੋਂ ਨੇ ਉਸ ਦੇ ਪਾਠ ਪੜ੍ਹਾਇਆ ਨਾ ਹੁੰਦਾ

ਜੇ ਤੂੰ ਡੋਲੀ ਖੇੜਿਆਂ ਦੀ ਨਾ ਚੜ੍ਹਦੀ
ਕੰਨ ਪੜਵਾ ਕੇ ਜੋਗੀ ਕਹਾਇਆ ਨਾ ਹੁੰਦਾ

ਜੇ ਇੰਨੀ ਹੀ ਪਾਉਣੀ ਸੀ ਤੂੰ ਕਦਰ ਮੇਰੀ
ਮੱਝੀਆਂ ਦਾ ਵੱਗ ਮੈਂ ਚਰਾਇਆ ਨਾ ਹੁੰਦਾ

ਕਦ ਮਿਲਣਾ ਸੀ ਆਪਾਂ ਮਰ ਜਾਣਾ ਸੀ
ਜੇ ਸਹਿਤੀ ਨੇ ਮੁੜ ਮੇਲ ਕਰਾਇਆ ਨਾ ਹੁੰਦਾ

## ਦਿਲਦਾਰ

ਤੇਰੀ ਦਿਲਦਾਰ ਬਣ ਜਾਵਾਂ
ਤੇਰੀ ਹਮਰਾਜ਼ ਬਣ ਜਾਵਾਂ
ਹੱਸ ਕੇ ਵੇਖ ਇਕ ਵਾਰ ਸੱਜਣਾ ਵੇ
ਉਮਰ ਸਾਰੀ ਲਈ ਤੇਰੀ ਕਰਜ਼ਦਾਰ ਬਣ ਜਾਵਾਂ

ਤੂੰ ਲਗਦਾ ਏਂ ਸਾਰੇ ਜੱਗ ਤੋਂ ਨਿਆਰਾ ਵੇ
ਕੁਰਬਾਨ ਤੇਰੇ ਤੋਂ ਇਹ ਜ਼ਿੰਦਗੀ ਯਾਰਾ ਵੇ
ਛੂਹ ਕੇ ਦੇਖ ਇਕ ਵਾਰੀ ਤੂੰ
ਮੈਂ ਤੇਰੇ ਗਲ ਦਾ ਹਾਰ ਬਣ ਜਾਵਾਂ

ਤੇਰੇ ਉੱਤੇ ਸਾਰੀ ਦੁਨੀਆ ਦੀਵਾਨੀ ਵੇ
ਉਨ੍ਹਾਂ ਵਿਚੋਂ ਇਕ ਮੈਂ ਵੀ ਤੇਰੀ ਦੀਵਾਨੀ ਵੇ
ਜੇ ਮੇਰੇ ਉੱਤੇ ਤੇਰੀ ਨਜ਼ਰ ਅਨਾਇਤ ਹੋ ਜਾਵੇ
ਮੈਂ ਦੁਨੀਆ ਲਈ ਹਾਹਾਕਾਰ ਬਣ ਜਾਵਾਂ

ਸੱਜਣਾ ਮੈਂ ਝੋਲੀ ਅੱਡ ਕੇ ਬੈਠੀ ਹਾਂ
ਸੱਜਣਾ ਮੈਂ ਸਭ ਕੁਝ ਛੱਡ ਕੇ ਬੈਠੀ ਹਾਂ
ਸੱਜਣਾ ਰੱਬ ਜੇ ਮਿਹਰ ਕਰ ਦੇਵੇ
ਸੱਜਣਾ ਮੈਂ ਤੇਰਾ ਪਿਆਰ ਬਣ ਜਾਵਾਂ

ਇਹ ਸੁਪਨਾ ਬਣ ਜਾਵੇ ਹਕੀਕਤ ਵੇ
ਮੇਰੀ ਖ਼ੁਸ਼ ਹੋ ਜਾਵੇ ਤਬੀਅਤ ਵੇ
ਮੈਂ ਬਣ ਕੇ ਮਹਿਬੂਬਾ ਤੇਰੀ ਵੇ
ਮੈਂ ਆਖ਼ਰ ਨੂੰ ਤੇਰੀ ਨਾਰ ਬਣ ਜਾਵਾਂ
✵



## ਚਾਨਣੀ ਰਾਤ

ਵੇਖ ਚੰਨ ਚਾਨਣੀ ਰਾਤ ਨੂੰ
ਚੇਤੇ ਕਰ ਲੈਂਦੇ ਤੇਰੀ ਬਾਤ ਨੂੰ

ਫਿਰ ਰੋਂਦੇ ਕਦੀ ਤੇ ਹਸਦੇ
ਤੈਨੂੰ ਕੀ ਦੱਸੀਏ ਅਸੀਂ ਕਿੰਦਾਂ ਦਿਨ ਕਟਦੇ
ਵੇ ਕੀ ਸਾਡੇ ਤੇ ਬੀਤਦੀ
ਇਸ ਚੰਨ ਚਾਨਣੀ ਰਾਤ ਨੂੰ

ਵੇ ਤੇਰਾ ਝਿੜਕਣਾ ਤੇ ਫਿਰ ਸਮਝਾਉਣਾ
ਵੇ ਤੇਰਾ ਫਿਰ ਰੋਂਦੀ ਨੂੰ ਵਰਾਉਣਾ
ਇਕ-ਇਕ ਗੱਲ ਯਾਦ ਵੇ
ਇਸ ਚੰਨ ਚਾਨਣੀ ਰਾਤ ਨੂੰ

ਤੂੰ ਮੁੜ ਨਾ ਆਇਆ ਮਹਿਰਮਾ
ਜ਼ਹਿਰ ਪਿਆਲਾ ਗ਼ਮ ਦਾ ਪੀ ਲਿਆ
ਬੱਸ ਉਹੋ ਸਾਡੇ ਕੋਲ ਬਾਕੀ ਹੈ
ਜੋ ਵਕਤ ਇਕੱਠਿਆਂ ਜੀਅ ਲਿਆ
ਅਸੀਂ ਚੰਨ ਵਿਚੋਂ ਆਪਣਾ ਚੰਨ ਲੱਭਦੇ
ਵੇ ਚੰਨ ਚਾਨਣੀ ਰਾਤ ਨੂੰ

ਤੇਰੀ ਯਾਦ ਦਿਲ ਵਿਚ ਵਸਦੀ
ਵਿੱਚੋਂ ਵਿੱਚ ਹਾਂ ਤੜਪਦੀ ਨਾ ਕਿਸੇ ਨੂੰ ਦਸਦੀ
ਤੇਰੇ ਗ਼ਮ ਬਣ ਭੂਤ ਜਦ ਸਿਰ ਚੜ੍ਹ ਮੇਰੇ ਨੱਚਦੇ
ਮੈਂ ਉੱਠ ਬੈਠਾਂ ਅੱਧੀ ਰਾਤ ਨੂੰ
✵

## ਚਾਹਿਆ ਸੀ

ਜਿਸ ਤਰ੍ਹਾਂ ਦਾ ਚਾਹਿਆ ਸੀ
ਉਸ ਤਰ੍ਹਾਂ ਦਾ ਮੈਨੂੰ ਨਹੀਂ ਮਿਲਿਆ
ਮੇਰੇ ਦਿਲ ਦੇ ਬਾਗ਼ੀਂ ਪਸੰਦ ਦਾ ਫੁੱਲ ਨਹੀਂ ਖਿਲਿਆ
ਮਹਿਰਮ ਸਾਨੂੰ ਸਾਡੇ ਵਰਗਾ ਨਹੀਂ ਮਿਲਿਆ

ਮਾਣੀ ਨਹੀਂ ਜ਼ਿੰਦਗੀ, ਬਸ ਗੁਜ਼ਾਰੀ ਜ਼ਿੰਦਗੀ
ਦੁਨੀਆ ਰਹੀ ਨਿੰਦਦੀ ਕੀਤੀ ਜਿਸ ਦੀ ਬੰਦਗੀ
ਬਸ ਉਹੀ ਸਾਨੂੰ ਨਹੀਂ ਮਿਲਿਆ
ਮਹਿਰਮ ਸਾਨੂੰ ਸਾਡੇ ਵਰਗਾ ਨਹੀਂ ਮਿਲਿਆ

ਇਕ ਸਮਾਂ ਪਾਸ ਜਿਹਾ ਕਰਦੇ ਹਾਂ
ਜ਼ਿੰਦਗੀ ਦੀ ਕਿਸ਼ਤੀ ਵਿਚ 'ਕੱਲੇ ਤਰਦੇ ਹਾਂ
ਸਾਨੂੰ ਸਾਡੀ ਪਸੰਦ ਦਾ ਮਲਾਹ ਨਹੀਂ ਮਿਲਿਆ
ਮਹਿਰਮ ਸਾਨੂੰ ਸਾਡੇ ਵਰਗਾ ਨਹੀਂ ਮਿਲਿਆ

ਬੁੱਤ ਮਿਲੇ ਪਰ ਰੂਹਾਂ ਨਹੀਂ ਮਿਲੀਆਂ
ਕਲੀਆਂ ਸਾਡੇ ਮਨ ਦੇ ਬਾਗ਼ੀਂ ਨਹੀਂ ਖਿਲੀਆਂ
ਸਾਡੇ ਬਾਗ਼ ਦਾ ਮਾਲੀ ਸਾਨੂੰ ਨਹੀਂ ਮਿਲਿਆ
ਮਹਿਰਮ ਸਾਨੂੰ ਸਾਡੇ ਵਰਗਾ ਨਹੀਂ ਮਿਲਿਆ

ਕਿਸੇ ਕੀਮਤ ਤੇ ਪਾਉਣ ਲਈ ਮੈਂ ਉਸਨੂੰ ਫਿਰਦਾ ਤੁਲਿਆ ਸੀ
ਬਹੁਤ ਭੁਲਾਇਆ ਉਸ ਨੂੰ ਪਰ ਉਹ ਨਹੀਂ ਭੁੱਲਿਆ ਸੀ
ਫਿਰਦਾ ਹਾਂ ਮੈਂ ਤਾਹੀਂ ਧੂੜ ਦੇ ਵਿਚ ਰੁਲ਼ਿਆ
ਮਹਿਰਮ ਸਾਨੂੰ ਸਾਡੇ ਵਰਗਾ ਨਹੀਂ ਮਿਲਿਆ

ਲੇਖਾਂ ਦੇ ਵਿਚ ਮੇਖਾਂ ਮਾਰ ਕੇ ਵੇਖ ਲਈਆਂ
ਥਾਂ-ਥਾਂ ਟੇਕ ਕੇ ਮੱਥੇ ਲੀਕਾਂ ਮੇਟ ਲਈਆਂ
ਪਰ ਉਹ ਸਾਨੂੰ ਨਹੀਂ ਮਿਲਿਆ
ਮਹਿਰਮ ਸਾਨੂੰ ਸਾਡੇ ਵਰਗਾ ਨਹੀਂ ਮਿਲਿਆ



## ਖ਼ਤ

ਮੈਨੂੰ ਤੇਰਾ ਕਾਰਡ ਤੇ ਖ਼ਤ ਮਿਲ ਗਿਆ ਹੈ
ਧੰਨਵਾਦ ਤੇਰਾ ਤੂੰ ਹਾਲ ਪੁੱਛ ਲਿਆ ਹੈ
ਮੰਦੜਾ ਹਾਲ ਹੈ ਸਾਡਾ
ਫਿਰ ਵੀ ਕਿਸੇ ਤਰੀਕੇ ਜੀਅ ਲਿਆ ਹੈ
ਪੜ੍ਹ ਖ਼ਤ ਤੇਰਾ ਅਸੀਂ ਬਹੁਤ ਰੋਏ
ਪਰ ਕੀ ਕਰੀਏ ਅਸੀਂ ਇਹ ਵੀ ਦੁੱਖ ਜ਼ਰ ਲਿਆ ਹੈ
ਆਪਣੇ ਕੀਤੇ ਵਾਅਦੇ ਯਾਦ ਨੇ ਮੈਨੂੰ
ਪਰ ਇਸ ਦੁਨੀਆ ਨੇ ਸਾਨੂੰ ਨਾ-ਕਬੂਲ ਕਰ ਲਿਆ ਹੈ
ਮੈਂ ਹੋ ਜਾਂਦੀ ਬਾਗੀ ਜੇ ਹੁੰਦਾ ਕੋਲ
ਪਰ ਮੈਂ ਹੁਣ ਸਬਰਾਂ ਦਾ ਘੁੱਟ ਭਰ ਲਿਆ ਹੈ
ਲਿਖ ਨਾ ਸਕਾਂਗੀ ਤੈਨੂੰ ਹੋਰ ਖ਼ਤ ਮਜਬੂਰੀ ਹੈ
ਤੇਰੇ ਖ਼ਤ ਵਿਚ ਤੇਰੇ ਦਿਲ ਦਾ ਹਾਲ ਪੜ੍ਹ ਲਿਆ ਹੈ
ਕਹਿੰਦੇ ਹੁੰਦੇ ਨੇ ਇਹ ਸੰਯੋਗ ਦੀ ਗੱਲ
ਹੁਣ ਤੁਸੀਂ ਇਹ ਰੱਬ ਦਾ ਭਾਣਾ ਮੰਨ ਲਿਆ ਹੈ

## ਤੇਰੀ ਯਾਦ

ਜਦੋਂ ਪੜ੍ਹਦਾ ਹਾਂ ਕੋਈ ਕਿਤਾਬ ਮੈਂ
ਤੇਰਾ ਚਿਹਰਾ ਸਾਹਮਣੇ ਆ ਜਾਂਦਾ ਹੈ
ਜਦ ਵੀ ਕੀਤੀ ਕੋਸ਼ਿਸ਼ ਤੈਨੂੰ ਭੁਲਾਉਣ ਦੀ
ਤੂੰ ਹੋਰ ਵੀ ਦਿਮਾਗ਼ ਤੇ ਛਾ ਜਾਂਦਾ ਹੈਂ
ਜਦ ਹੋਵਾਂ ਕਦੀ ਜ਼ਿਆਦਾ ਉਦਾਸ
ਮੈਂ ਇਕ ਤੇਰੇ ਨਾਂ ਦਾ ਪੈੱਗ ਲਾ ਜਾਂਦਾ ਹਾਂ

ਹਰ ਪੈੱਗ ਵਿਚ ਤੇਰੇ ਹੁਸਨ ਜਿੰਨਾ ਸਰੂਰ ਹੁੰਦਾ
ਮੈਂ ਕਈ ਵਾਰ ਪੀ ਕੇ ਲੜ-ਖੜਾ ਜਾਂਦਾ ਹਾਂ
ਕੀ ਲਿਖਿਆ ਰੱਬ ਨੇ ਮੁਕੱਦਰ ਆਪਣਾ
ਕਈ ਵਾਰੀ ਰੱਬ ਨੂੰ ਬੁਰਾ ਕਹਿ ਜਾਂਦਾ ਹਾਂ
ਕੀ ਆਖਾਂ ਤੈਨੂੰ ਕੋਸਾਂ ਆਪਣੀ ਕਿਸਮਤ ਨੂੰ
ਕਈ ਵਾਰ ਮਰ ਜਾਣ ਦਾ ਖ਼ਿਆਲ ਆ ਜਾਂਦਾ ਹੈ
✵



## ਨਾ ਜੀਵਾਂ

ਨਾ ਜੀਵਾਂ ਮੈਂ ਨਾ ਮਰਾਂ ਮੈਂ
ਬਸ ਬਿਰਹਾ ਦੀ ਅੱਗ ਵਿਚ ਸੜਾਂ ਮੈਂ
ਸਾੜੇ ਹੋਣਗੇ ਪਿਛਲੇ ਜਨਮਾਂ ਵਿਚ ਫੁੱਲ
ਤਾਂ ਹੀ ਕੰਡਿਆਂ ਦੀ ਸੇਜ ਤੇ ਪਲਾਂ ਮੈਂ
ਕੀਤੀ ਹੋਵੇਗੀ ਕਿਸੇ ਨਾਲ ਦਗ਼ਾਬਾਜ਼ੀ
ਤਾਂ ਹੀ ਹੁਣ ਸਜ਼ਾ ਭੁਗਤਾਂ ਮੈਂ
ਹੱਸਿਆ ਹੋਵਾਂਗਾ ਕਿਸੇ ਦੇ ਦੁੱਖ ਤੇ
ਹੁਣ ਪਤਾ ਲਗਦਾ ਹੈ ਜਦ ਦੁੱਖ ਭੋਗਾਂ ਮੈਂ
ਬਿਰਹਾ ਦੀ ਅੱਗ ਨਾ ਸਾੜੇ ਅੱਗ ਵਾਂਗ ਛੇਤੀ
ਤੀਲਾ-ਤੀਲਾ ਹੋ ਕੇ ਸੜਾਂ ਮੈਂ
ਮਰਨਾ ਚਾਹੁੰਦਾ ਹਾਂ ਪਰ ਮਰ ਨਹੀਂ ਸਕਦਾ
ਪਰ ਤੈਥੋਂ ਬਗ਼ੈਰ ਕਿੰਝ ਮਰਾਂ ਮੈਂ।
✵

## ਆਹ !

ਜਦੋਂ ਮੈਨੂੰ ਤੇਰਾ ਖ਼ਤ ਮਿਲਿਆ
ਇਕ ਪਲ ਖ਼ੁਸ਼ੀ ਹੋਈ
ਪਰ
ਦੂਜੇ ਪਲ ਰੋਣਾ ਆਇਆ
ਉਹ ਦਿਨ ਯਾਦ ਆਏ
ਆਹ ! ਜਦੋਂ
ਆਪਣੀ ਮੁਹੱਬਤ ਹੋਈ
ਆਪਾਂ ਵਾਅਦੇ ਕੀਤੇ,
ਇਕ ਦੂਜੇ ਤੋਂ ਜੁਦਾ ਨਾ ਹੋਣ ਦੇ
ਖਾਬ ਦੇਖੇ ਕਿ
ਆਪਣੀ ਮੁਹੱਬਤ ਇਹਨਾਂ ਖਿੜੇ
ਗੁਲਾਬਾਂ ਵਾਂਗ ਖਿੜੇ
ਪਰ
ਹੁਣ ਤਾਂ ਲਗਦਾ ਹੈ
ਕਿ ਆਪਣੀ ਮੁਹੱਬਤ ਅੱਧ ਖਿੜੇ
ਫੁੱਲ ਵਾਂਗ ਮੁਰਝਾ ਰਹੀ ਹੈ
ਇਸ ਵਿਚ
ਨਾ ਤਾਂ ਤੇਰਾ ਦੋਸ਼ ਸੀ
ਅਤੇ ਨਾ ਹੀ ਮੇਰਾ ਦੋਸ਼
ਦੋਸ਼ ਤਾਂ ਇਸ ਦੁਨੀਆ ਦੇ ਦਸਤੂਰਾਂ ਦਾ ਸੀ
ਤੂੰ
ਸੋਚਦਾ ਹੋਵੇਂਗਾ ਕਿ ਕਿਤੇ
ਮੈਂ ਹੀ ਇਨਕਾਰ ਕਰ ਰਹੀ ਹਾਂ
ਪਰ ਮੇਰੀ ਤੜਪ ਤਾਂ ਉਸ ਮਛਲੀ ਵਰਗੀ ਹੈ
ਜੋ ਮਛੇਰੇ ਦੇ ਜਾਲ ਵਿਚੋਂ ਉਛਲ ਕੇ ਮੁੜ ਆਪਣੇ
ਪ੍ਰੇਮੀ ਪਾਣੀ ਵਿਚ ਲੀਨ ਹੋਣਾ ਲੋਚਦੀ ਹੈ
ਮੈਂ
ਤੈਨੂੰ ਪਾਉਣ ਲਈ ਤੜਪਦੀ ਹਾਂ
ਪਰ ਮੇਰੇ ਹੱਥ ਵੱਸ ਕੁਝ ਨਹੀਂ ਹੈ।
✵



## ਸਾਡੀ ਜ਼ਿੰਦਗੀ

ਸਾਡੀ ਜ਼ਿੰਦਗੀ 'ਚ ਆਏ ਉਹ ਖਾਬ ਵਾਂਗੂੰ
ਅਸੀਂ ਛੂਹਿਆ ਜਦ ਮੁਰਝਾਏ ਲਾਜਵੰਤੀ ਫੁੱਲ ਵਾਂਗੂੰ
ਕਹਿੰਦੇ ਵੇਖੀਂ ਜਾ ਸਾਨੂੰ ਦੂਰੋਂ ਦੂਰੋਂ
ਲਾਵੀਂ ਨਾ ਹੱਥ, ਨਹੀਂ ਉੱਡਜਾਂਗੇ ਮਾਰੂਥਲ ਦੀ ਰੇਤ ਵਾਂਗੂੰ
ਕਈ ਵਾਰ ਕੋਸ਼ਿਸ਼ ਕੀਤੀ ਉਨ੍ਹਾਂ ਦਿਲ ਪਿਘਲਾਉਣ ਦੀ

ਪਰ ਖੜ੍ਹੇ ਰਹੇ ਉਹ ਅਡੋਲ ਬੇਜ਼ਾਨ ਬੁੱਤ ਵਾਂਗੂੰ
ਜਿਵੇਂ ਆਏ ਸੀ ਉਦਾਂ ਹੀ ਚਲੇ ਗਏ
ਵੇਖਦੇ ਰਹੇ ਅਸੀਂ ਪੱਥਰ ਦੇ ਬੁੱਤ ਵਾਂਗੂੰ।
✵

## ਸ਼ੱਕ

ਚਾਹੇ ਲੱਖ ਰਹੇ ਕੋਈ ਇਸ਼ਕ ਤੋਂ ਦੂਰ
ਇਹ ਫਿਰ ਵੀ ਕਦੀ ਨਾ ਕਦੀ ਹੋ ਜਾਂਦਾ ਹੈ
ਕਿਸੇ ਨੂੰ ਅੱਖ ਕਿਸੇ ਨੂੰ ਗੋਰਾ ਰੰਗ ਤੇ ਜ਼ੁਲਫ਼ਾਂ
ਜਾਂ ਫਿਰ ਕਿਸੇ ਨੂੰ ਗੁਲਾਬੀ ਬੁੱਲ੍ਹੀਆਂ ਦਾ ਹਾਸਾ ਮਾਰ ਜਾਂਦਾ ਹੈ।
ਇਹ ਕਰ ਦੇਵੇ ਪਾਗ਼ਲ ਜਾਂ ਬਣਾ ਦੇਵੇ ਦੀਵਾਨਾ
ਜਦੋਂ ਇਸ਼ਕ ਆਪਣੀ ਆਈ ਤੇ ਆ ਜਾਂਦਾ ਹੈ
ਲੱਖ ਪਰਦੇ ਨਹੀਂ ਹੁਸਨ ਰੋਕ ਸਕਦੇ
ਜਦੋਂ ਹੁਸਨ ਆਪਣੀ ਆਈ ਤੇ ਆ ਜਾਂਦਾ ਹੈ
ਇਹ ਦੇਖੇ ਨਾ ਫਿਰ ਜਾਤਾਂ ਪਾਤਾਂ
ਜਦੋਂ ਇਸ਼ਕ ਹੁਸਨ ਤੇ ਆਸ਼ਕ ਹੋ ਜਾਂਦਾ ਹੈ
ਇਹ ਨਿਭਣ ਨੂੰ ਤਾਂ ਸਾਰੀ ਉਮਰ ਨਿਭ ਜਾਂਦਾ ਹੈ
ਜੇ ਆ ਜਾਵੇ ਵਿਚ 'ਸ਼ੱਕ' ਫਿਰ ਪਲ ਵਿਚ ਇਹ ਟੁੱਟ ਜਾਂਦਾ ਹੈ



## ਚਿਰਾਗ਼

ਮੁੜ-ਮੁੜ ਕੇ ਉਹ ਯਾਦ ਆਉਂਦੇ ਰਹੇ
ਆਕੇ ਖ਼ਾਬਾਂ ਵਿਚ ਤੜਫਾਉਂਦੇ ਰਹੇ
ਜਦੋਂ ਕਦੀ ਬੋਲਦਾ ਬੰਨੇਰੇ ਉੱਤੇ ਕਾਂ
ਨੈਣਾਂ ਉਹਨਾਂ ਦੀਆਂ ਰਾਹਾਂ ਵਿਚ ਵਿਛਾਉਂਦੇ ਰਹੇ
ਦੀਵਾਨਗੀ ਸੀ ਜਾਂ ਮਨ ਦਾ ਵਹਿਮ
ਅਸੀਂ ਹਰ ਰੋਜ਼ ਆਪਣਾ ਘਰ ਸਜਾਉਂਦੇ ਰਹੇ
ਫੇਰ ਕਦੇ ਬੈਠ ਕੇ ਵਿਚ ਹਨੇਰੇ
ਹੰਝੂ ਉਹਨਾਂ ਦੀਆਂ ਯਾਦਾਂ 'ਚ ਵਹਾਉਂਦੇ ਰਹੇ।
ਯਾਦ ਕਰਕੇ ਉਨ੍ਹਾਂ ਨਾਲ ਬਿਤਾਏ ਪਲ
ਬਸ ਇਸ ਤਰ੍ਹਾਂ ਰਾਤਾਂ ਲੰਘਾਉਂਦੇ ਰਹੇ
ਭੁੱਲ ਭੁਲੇਖੇ ਉਹ ਆ ਜਾਣ ਸਾਡੀ ਗ਼ਲੀ
ਇਹ ਸੋਚ ਦਰਾਂ 'ਚ ਚਿਰਾਗ਼ ਜਗਾਉਂਦੇ ਰਹੇ

## ਨਜ਼ਰਾਂ

ਹਰ ਇਕ ਨੂੰ ਦੁੱਖ ਆਪਣਾ ਤੁਸੀਂ ਦੱਸਿਆ ਨਾ ਕਰੋ
ਹਰ ਇਕ ਵੱਲ ਹੱਸ ਕੇ ਤੁਸੀਂ ਤੱਕਿਆ ਨਾ ਕਰੋ

ਪੱਥਰਾਂ ਨੂੰ ਪਾੜਦੀਆਂ ਲੋਕਾਂ ਦੀਆਂ ਨਜ਼ਰਾਂ
ਰਹੋ ਬਚ ਕੇ ਇੰਨਾ ਤੁਸੀਂ ਜੱਚਿਆ ਨਾ ਕਰੋ

*



## ਚਿੰਤਾ

ਬੰਦਿਆ ਕਿਸ ਚਿੰਤਾ ਦੇ ਵਿਚ ਡੁੱਬਿਆ ਵੇ
ਕਿਉਂ ਫਿਰਦਾ ਬੰਦਿਆ ਤੂੰ ਇੰਨਾ ਖੁੱਭਿਆ ਵੇ
ਇਹ ਜਿਸ ਦੀ ਖਾਤਰ ਨੂੰ ਕਰਦਾ ਵੇ
ਦਿਨ ਰਾਤੀਂ ਤੂੰ ਮਰਦਾ ਵੇ

ਜਦ ਅੰਤ ਵੇਲਾ ਤੇਰਾ ਆਉਣਾ
ਇਨ੍ਹਾਂ ਨੇ ਨੇੜੇ ਖਲੋਣਾ ਨਹੀਂ
ਤੈਨੂੰ ਕੱਲਿਆਂ ਜਾਣਾ ਪੈਣਾ ਏ
ਤੇਰੇ ਨਾਲ ਕਿਸੇ ਨੇ ਜਾਣਾ ਨਹੀਂ

ਤੂੰ ਜ਼ਿੰਦਗੀ ਚੰਗੀ ਗੁਜ਼ਾਰ ਲਈ
ਐਵੇਂ ਨਾ ਬਹੁਤਾ ਖਪਿਆ ਕਰ
ਛੱਡ ਕੇ ਝਗੜੇ ਝੇੜੇ ਤੂੰ
ਰੱਬ ਦਾ ਨਾਂ ਤੂੰ ਜਪਿਆ ਕਰ
ਇਸ ਨੇ ਹੀ ਤੇਰੇ ਸਾਥ ਜਾਣਾ
ਹੋਰ ਕਿਸੇ ਨੇ ਜਾਣਾ ਨਹੀਂ

ਤੂੰ ਚੰਗੀ ਤਰ੍ਹਾਂ ਹੈ ਵੇਖ ਲਿਆ
ਇਹ ਦੁਨੀਆ ਮਤਲਬੀ ਬੰਦਿਆਂ ਦੀ
ਫਿਰ ਵੀ ਤੂੰ ਖਹਿੜਾ ਛੱਡਦਾ ਨਹੀਂ
ਦੱਸ ਰੱਖਿਆ ਏਥੇ ਬੰਦਿਆ ਕੀ
ਜਦ ਮੁੱਕਣੇ ਨੈਣ ਪਰਾਣ ਤੇਰੇ
ਇਨ੍ਹਾਂ ਮੂੰਹ ਵਿਚ ਪਾਣੀ ਪਾਉਣਾ ਨਹੀਂ

ਤੂੰ ਗੱਲ ਮੇਰੀ ਤੇ ਗੌਰ ਕਰੀਂ
ਨਹੀਂ ਮਗਰੋਂ ਪਊ ਪਛਤਾਉਣਾ ਵੇ
ਜਦੋਂ ਫੜਿਆ ਜਮਾਂ ਨੇ ਆਣ ਤੈਨੂੰ
ਨਹੀਂ ਕਿਸੇ ਨੇ ਫੇਰ ਛੁਡਾਉਣਾ ਵੇ
ਉਦੋਂ ਗੱਲ ਮੇਰੀ ਤੈਨੂੰ ਚੇਤੇ ਆਊ
ਫਿਰ ਬੀਤਿਆ ਵੇਲਾ ਆਉਣਾ ਨਹੀਂ

*

## ਕਾਗਜ਼ੀ ਫੁੱਲ

ਕਿਉਂ ਕਾਗਜ਼ੀ ਫੁੱਲਾਂ ਨੂੰ ਹਿੱਕ ਨਾਲ ਲਾਉਂਦਾ ਫਿਰਦਾ ਏਂ
ਸਾਨੂੰ ਛੱਡ ਗੈਰਾਂ ਸੰਗ ਪੀਂਘਾਂ ਚੜ੍ਹਾਉਂਦਾ ਫਿਰਦਾ ਏਂ
ਹੈ ਕੋਈ ਗਿਲਾ ਸ਼ਿਕਵਾ ਤਾਂ ਆ ਬੈਠ ਕਰ ਸਾਡੇ ਨਾਲ
ਐਵੇਂ ਕਿਉਂ ਸਾਥੋਂ ਨਜ਼ਰਾਂ ਚੁਰਾਉਂਦਾ ਫਿਰਦਾ ਏਂ
ਮੂੰਹ ਦੇ ਮਿੱਠੇ ਦਿਲ ਦੇ ਖੋਟੇ ਇਹ ਗੈਰ ਨੇ
ਕਿਉਂ ਇਨ੍ਹਾਂ ਦੇ ਹੱਥ ਦੀ ਕਠਪੁਤਲੀ ਬਣਦਾ ਫਿਰਦਾ ਏਂ
ਇਹ ਚਲਾਉਂਦੇ ਮਿੱਠੀ ਜ਼ੁਬਾਨ ਦੀ ਛੁਰੀ
ਕਿਉਂ ਦਿਨ ਦਿਹਾੜੇ ਨੂੰ ਹਲਾਲ ਹੁੰਦਾ ਫਿਰਦਾ ਏਂ
ਵੇਖ ਕੇ ਦੂਜਿਆਂ ਦੇ ਮਹਿਲ ਮੁਨਾਰੇ ਤੂੰ
ਕਿਉਂ ਆਪਣੀ ਕੁੱਲੀ ਢਹਾਉਂਦਾ ਫਿਰਦਾ ਏਂ
✵



## ਉਸ ਕਿਹਾ

ਉਸ ਕਿਹਾ ਮੇਰੇ ਕੋਲ ਆ ਕੇ
ਮੈਨੂੰ ਤੇਰੀ ਲੋੜ ਹੈ
ਮੇਰੀ ਸੁੰਨੀ ਜ਼ਿੰਦਗੀ ਵਿਚ
ਤੇਰੇ ਸਾਥ ਦੀ ਥੋੜ੍ਹ ਹੈ
ਮੈਂ ਪਰਖਿਆ ਹੈ ਤੈਨੂੰ
ਹਰੇਕ ਨਜ਼ਰੀਏ ਤੋਂ ਵੇਖਿਆ ਹੈ ਤੈਨੂੰ
ਮੈਨੂੰ ਲੱਗਿਆ ਤੈਥੋਂ ਬਿਨਾਂ
ਮੇਰੀ ਜ਼ਿੰਦਗੀ ਵਿਚ ਖੋੜ ਹੈ
ਮੈਂ ਸੋਚ ਸਮਝ ਕੀਤਾ ਹੈ ਫ਼ੈਸਲਾ
ਦਿਲ ਤੇਰੇ ਹਵਾਲੇ ਕਰਨ ਦਾ ਕੀਤਾ ਹੈ ਫ਼ੈਸਲਾ
ਅੱਗੇ ਮਰਜ਼ੀ ਹੈ ਤੇਰੀ ਪਰ
ਇਹ ਮੇਰੀ ਜ਼ਿੰਦਗੀ ਦਾ ਹਸੀਨ ਮੋੜ ਹੈ
ਉਸ ਕਿਹਾ ਮੈਨੂੰ ਹੈ ਯਕੀਨ
ਮੈਂ ਤੇਰੀ ਤੂੰ ਮੇਰਾ ਕਰੀ ਯਕੀਨ
ਵੇਖ ਦੁਨੀਆ ਕਹੇਗੀ
ਕਿਆ ਰੱਬ ਨੇ ਬਣਾਇਆ ਜੋੜ ਹੈ
ਵੇਖੀਂ ਹੁਣ ਪਿੱਛੇ ਨਾ ਮੁੜੀਂ
ਜ਼ਿੰਦਗੀ ਲਾਈਏ 'ਰਵੀ' ਤੇਰੇ ਨਾਂ ਅਸੀਂ
ਇਸ ਗੱਲ ਦਾ ਗਵਾਹ
ਇਹ ਬੁੱਢਾ ਬੋਹੜ ਹੈ
✵

## ਤੇਰਾ ਰੁਮਾਲ

ਗਲ਼ੀਆਂ ਦੇ ਵਿਚ ਰੋਲ ਕੇ ਪੁੱਛਦੇ ਨੇ ਕੀ ਹਾਲ ਹੈ
ਰੌਣਕ ਹੈ ਉਨ੍ਹਾਂ ਦੇ ਚਿਹਰੇ ਤੇ ਸਾਡੇ ਤੋਂ ਉੱਡਿਆ ਗੁਲਾਲ ਹੈ
ਯਾਦਾਂ ਵਿਚ ਜੀ ਰਹੇ ਹਾਂ ਗ਼ਮਾਂ ਨੂੰ ਪੀ ਰਹੇ ਹਾਂ
ਆ ਵੇਖ ਮੇਰੇ ਯਾਰਾ ਮੇਰਾ ਤਾਂ ਇਹ ਹਾਲ ਹੈ
ਜਿਸ ਮੋੜ ਤੇ ਛੱਡ ਗਿਆ ਸੈਂ ਉੱਥੇ ਹੀ ਖੜ੍ਹੇ ਹਾਂ
ਮੇਰੇ ਦਿਲੋ ਦਿਮਾਗ਼ ਵਿਚ ਤੇਰਾ ਹੀ ਖ਼ਿਆਲ ਹੈ
ਕਿਧਰ ਨੂੰ ਜਾਵਾਂ ਕੋਈ ਦਿਸਦਾ ਨਹੀਂ ਰਾਹ
ਚਾਰ ਚੁਫੇਰੇ ਤੇਰੇ ਮੋਹ ਦਾ ਜਾਲ ਹੈ
ਹੰਝੂਆਂ ਦੇ ਨਾਲ ਮੁੱਖ ਨੂੰ ਧੋਈ ਜਾਵਾਂ ਮੈਂ ਤਾਂ
ਹੋਰ ਕੋਈ ਨਹੀਂ ਨਾਲ ਮੇਰੇ ਬੱਸ ਇਕ ਤੇਰਾ ਰੁਮਾਲ ਹੈ
✵



## ਦਿਲ

ਜੇ ਏਦਾਂ ਤੇਰਾ ਕੋਈ ਦਿਲ ਤੋੜੇ
ਤੈਥੋਂ ਅਚਾਨਕ ਮੁੱਖ ਮੋੜੇ
ਕੀ ਬੀਤੇਗੀ ਤੇਰੇ ਤੇ ਜ਼ਰਾ ਪੁੱਛ
ਆਪਣੇ ਦਿਲ ਕੋਲੋਂ
ਕੋਈ ਗੱਲਾਂ ਕਰ ਰਿਹਾ ਹੋਵੇ
ਤੇਰੇ ਨਾਲ ਹੱਸ-ਹੱਸ ਕੇ
ਮਗਰੋਂ ਅੱਖ ਨਾ ਮਿਲਾਵੇ
ਕੀ ਬੀਤੇਗੀ ਜ਼ਰਾ ਪੁੱਛ
ਆਪਣੇ ਦਿਲ ਕੋਲੋਂ
ਮਿਲਾ ਦੇਵੇ ਮਿੱਟੀ ਵਿਚ ਤੇਰੀਆਂ ਸੱਧਰਾਂ
ਤੋੜ ਦੇਵੇ ਤੇਰੇ ਖ਼ੁਆਬਾਂ ਦੀ ਲੜੀ
ਕੀ ਬੀਤੇਗੀ ਜ਼ਰਾ ਪੁੱਛ
ਆਪਣੇ ਦਿਲ ਕੋਲੋਂ

ਜ਼ਰਾ ਸੋਚ ਕੇ ਤੂੰ ਵੇਖ
ਆਪਣੇ ਦਿਲ ਨੂੰ ਟੋਹ ਕੇ
ਦੱਸ ਕੀ ਉੱਤਰ ਮਿਲੇਗਾ
ਆਪਣੇ ਦਿਲ ਕੋਲੋਂ
ਫਸਿਆਂ ਹਾਂ ਕਸ਼ਮਕਸ਼ ਵਿਚ
ਕੀ ਗੱਲ ਹੋਈ ਮੈਨੂੰ ਸਮਝ ਨਾ ਆਈ
ਕਿਉਂ ਮੁੱਖ ਮੋੜਿਆ ਤੂੰ ਸਾਥੋਂ
ਜ਼ਰਾ ਪੁੱਛ ਕੇ ਦੱਸ
ਆਪਣੇ ਦਿਲ ਕੋਲੋਂ
ਜੋ ਸਿਖਾ ਰਿਹਾ ਹੋਵੇ ਤੈਨੂੰ
ਚੰਗੇ ਮੰਦੇ ਦੀ ਪਛਾਣ
ਉਹ ਮੁੜ ਮੰਦਿਆਂ ਨਾਲ ਨਾਤੇ ਜੋੜੇ
ਕੀ ਬੀਤੇਗੀ ਜ਼ਰਾ ਪੁੱਛ
ਆਪਣੇ ਦਿਲ ਕੋਲੋਂ
✵

## ਕੌੜੇ ਬੋਲ

ਉਹ ਕਿਵੇਂ ਕੀ-ਕੀ ਸੁਣਾਉਂਦੇ ਨੇ
ਇਕ ਦੀਆਂ ਦੋ-ਦੋ ਬਣਾਉਂਦੇ ਨੇ
ਦਿਲ ਕਰਦਾ ਅੜਿਆ ਵੇ
ਤੇਰੇ ਕੋਲ ਬਹਿ ਕੇ ਵੇ
ਤੈਨੂੰ ਸਭ ਕੁਝ ਦੱਸਾਂ ਵੇ
ਉਹ ਕਿਵੇਂ ਸੁਣਾਉਂਦੇ ਨੇ
ਉਨ੍ਹਾਂ ਦੇ ਕੌੜੇ ਬੋਲਾਂ ਨੂੰ
ਮੈਂ ਕਿੱਦਾਂ ਸਹਿੰਦੀ ਹਾਂ
ਪਲ-ਪਲ ਮੈਂ ਮਰਦੀ ਹਾਂ
ਜੇ ਪੈਰ ਬਾਹਰ ਮੈਂ ਧਰਦੀ ਹਾਂ
ਉਹ ਤੀਰ ਨੈਣਾਂ ਦੇ ਚਲਾਉਂਦੇ ਨੇ
ਮੈਂ ਜਦੋਂ ਇਕੱਲੀ ਹੁੰਦੀ ਹਾਂ
ਤਸਵੀਰਾਂ ਨਾਲ ਗੱਲਾਂ ਕਰਦੀ ਹਾਂ
ਸਾਰੇ ਦੁੱਖੜੇ ਸੁਣਾਉਂਦੀ ਹਾਂ
ਕਦੇ ਹਾਸੇ ਕਿਰਦੇ ਨੇ ਕਦੇ ਹੰਝੂ ਆਉਂਦੇ ਨੇ
'ਰਵੀ' ਆ ਜਾ ਵੇ ਅੜਿਆ
ਚਿੱਤ ਲਗਦਾ ਨਹੀਂ ਅੜਿਆ
ਤੂੰ ਵਾਅਦੇ ਨਿਭਾਅ ਅੜਿਆ
ਫਿਰ ਵੇਖਾਂ ਮੈਂ ਕਿੱਦਾਂ ਲੋਕੀ ਗੱਲਾਂ ਬਣਾਉਂਦੇ ਨੇ
✻



## ਬਦਲੇ ਵਕਤ

ਹੱਸ ਕੇ ਬੁਲਾਉਣ ਲੱਗ ਪਏ
ਜਿਹੜੇ ਲੰਘਦੇ ਸੀ ਮੱਥੇ ਵੱਟ ਪਾ ਕੇ
ਪਤਾ ਨੀ ਕੀ ਰਹਿਮ ਜਾਗਿਆ
ਸਾਨੂੰ ਰੱਖ ਗਏ ਦੋ-ਚਿੱਤੀ ਵਿਚ ਪਾ ਕੇ

ਤੋਰ ਉਨ੍ਹਾਂ ਦੀ ਬਦਲ ਗਈ
ਨਾਲੇ ਆ ਗਿਆ ਬੁੱਲ੍ਹਾਂ ਤੇ ਹਾਸਾ
ਪਤਾ ਨੀ ਕਿਹੜਾ ਜਾਦੂ ਚੱਲਿਆ
ਹੁਣ ਤੁਰਦੇ ਨੇ ਨੈਣ ਨਿਵਾ ਕੇ

ਲੱਗਿਆ ਨਾ ਪਤਾ ਸਾਨੂੰ
ਉਹ ਕਿਹੜੀ ਗੱਲੋਂ ਹੋ ਗਏ ਕਾਇਲ
ਪਲਾਂ ਵਿਚ ਹੋ ਗਏ ਸਾਡੇ ਉਹ
ਫਿਰਦੇ ਸੀ ਗੁੱਸਾ ਨੱਕ ਤੇ ਟਿਕਾ ਕੇ

ਜਿਹੜੇ ਕਦੀ ਸਾਨੂੰ ਵੇਖਕੇ
ਕਰ ਲੈਂਦੇ ਸੀ ਬੰਦ ਦਰਵਾਜ਼ਾ
ਹੁਣ ਬੈਠ ਜਾਂਦੇ ਨੇ
ਤੜਕੇ ਹੀ ਬੂਹਾ ਖੋਲ੍ਹ ਕੇ
✻

## ਅਜਨਬੀ

ਇਕ ਅਜਨਬੀ ਨਾਲ ਲਾ ਕੇ ਯਾਰੀ
ਸਿਰਦਰਦੀ ਅਸੀਂ ਪੱਲੇ ਪਾ ਲਈ
ਪਲ ਲਈ ਸੀ ਉਹ ਸਾਨੂੰ ਮਿਲਿਆ
ਫੁੱਲ ਪਿਆਰ ਦਾ ਦਿਲ ਵਿਚ ਖਿਲਿਆ
ਬੀਜ ਪਿਆਰ ਦੇ ਅਸੀਂ ਖ਼ਿਆਲੀਂ ਬੀਜੇ
ਆਸਾਂ ਦੇ ਅਸੀਂ ਪਾਣੀ ਪਾਏ
ਨਿੱਕੇ-ਨਿੱਕੇ ਪੱਤੇ ਆਏ
ਨਵੀਆਂ ਲਹਿਰਾਂ ਮਨ ਵਿਚ ਉੱਠੀਆਂ
ਜਾਗੇ ਵੀ ਅਸੀਂ ਸੁਪਨਿਆਂ ਵਿਚ ਖੋਏ
ਬੂਟਾ ਪਿਆਰ ਦਾ ਵਧਦਾ ਜਾਏ
ਖਾਹਿਸ਼ਾਂ ਦੇ ਫਲ ਵਧਣ ਲੱਗੇ
ਪਰ ਖਾਹਿਸ਼ ਦਾ ਕੋਈ ਫੁੱਲ ਨਾ ਆਏ
ਦਿਲ ਸਾਡੇ ਹੌਲ਼ ਨੇ ਪੈਂਦੇ
ਜਦ ਲੋਕੀ ਉਹਦਾ ਨਾਂ ਨੇ ਲੈਂਦੇ
ਕੋਰ ਅੱਖ ਦੀ ਦੁਖਣ ਲੱਗੀ
ਤਸਵੀਰ ਉਸਦੀ ਖੁਰਨ ਲੱਗੀ
ਪਰ ਉਹ ਕਦੀ ਮੁੜ ਨਾ ਆਏ
ਲੱਖ ਵਾਰ ਦਿਲ ਨੂੰ ਸਮਝਾਇਆ
ਗਿਆ ਇਕ ਵਾਰੀ ਉਹ ਕਦੀ ਮੁੜ ਨਾ ਆਇਆ
ਪਰ ਆਪੇ ਚੰਦਰਾ ਮਨ ਟਿਕੇ ਨਾ ਟਿਕਾਇਆ।

*



## ਅਸੀਸ

ਜੇ ਤੂੰ ਦੁੱਖ ਦੇਖਣੇ ਨੇ
ਉਜੜੇ ਘਰਾਂ 'ਚ ਜਾ ਕੇ ਵੇਖੀਂ
ਦਿਨ ਤਾਂ ਬਹੁਤ ਦੂਰ ਦੀ ਗੱਲ ਹੈ,
ਤੂੰ ਪਲ ਕੁ ਗੁਜ਼ਾਰ ਕੇ ਵੇਖੀਂ

ਕਿਸੇ ਦਾ ਸੁਹਾਗ ਨਹੀਂ
ਕਿਸੇ ਦਾ ਬਾਪ ਨਹੀਂ
ਕਿਸੇ ਦਾ ਭਾਈ ਨਹੀਂ
ਅੱਥਰੂ ਹੌਂਕੇ ਹਾਵੇ ਪੈਣਗੇ ਪੱਲੇ
ਤੂੰ ਕਿਸੇ ਦਾ ਦਿਲ ਖੰਗਾਲ ਕੇ ਵੇਖੀਂ

ਕਿਵੇਂ ਬਚਪਨ ਖਿੰਡ ਜਾਂਦਾ ਹੈ
ਕਿਵੇਂ ਜਵਾਨੀ ਨਸ਼ਿਆਂ ਦੇ ਗਲ ਲੱਗ ਜਾਂਦੀ ਹੈ
ਚੜ੍ਹਦੀ ਉਮਰੇ ਕੋਈ ਸੁਹਾਗਣ ਕਿੱਦਾਂ ਵਿਧਵਾ ਹੋ ਜਾਂਦੀ ਹੈ
ਤੂੰ ਜ਼ਰਾ ਇਨ੍ਹਾਂ ਵਿਚ ਵਿਚਰ ਕੇ ਵੇਖੀਂ

ਕਿਸੇ ਭੈਣ ਦੇ ਸਿਰ ਤੇ ਹੱਥ ਰੱਖ ਕੇ ਵੇਖੀਂ
ਕਿਸੇ ਮਾਂ ਨੂੰ ਮੱਥਾ ਟੇਕ ਕੇ ਵੇਖੀਂ,
ਬੋਲ ਉਹਨਾਂ ਦੇ ਮੂੰਹੋਂ ਨਹੀਂ ਨਿਕਲੂਗਾ
ਅੱਥਰੂਆਂ ਨਾਲ ਜਵਾਬ ਮਿਲੂਗਾ
ਕਿਸੇ ਬਜ਼ੁਰਗ ਦੇ ਪੈਰੀਂ ਹੱਥ ਲਾ ਕੇ ਵੇਖੀਂ

ਚਾਰਾਂ ਕੁੜੀਆਂ ਤੋਂ ਬਾਅਦ ਹੋਇਆ ਮੁੰਡਾ
ਤੁਰ ਜਾਂਦਾ ਏ ਜਦੋਂ ਭਰੀ ਜਵਾਨੀ
ਦੁੱਖ ਕੀ ਹੁੰਦਾ ਉਸ ਬੁੱਢੜੇ ਮਾਂ-ਬਾਪ
ਨੂੰ ਪੁੱਛ ਕੇ ਵੇਖੀਂ

ਉਹ ਬੁੱਢੀਆਂ ਮਾਵਾਂ ਹੋ ਗਈਆਂ ਕੁੱਬੀਆਂ
ਢੋਹ-ਢੋਹ ਕੇ ਕੱਖਾਂ ਦੀਆਂ ਪੰਡਾਂ
ਨਾਲੇ ਨੈਣਾਂ 'ਚੋਂ ਕੇਰਨਗੀਆਂ ਅੱਥਰੂ
ਨਾਲੇ ਮੁੱਖੋਂ ਕੋਈ ਅਸੀਸ ਨਿਕਲੂ
ਪੰਡ ਜ਼ਰਾ ਇਨ੍ਹਾਂ ਤੂੰ ਚੁੱਕਾ ਕੇ ਵੇਖੀਂ

*

## ਨੀਲੇ ਨੇਤਰ

ਇਹ ਜੋ ਨੇਤਰ ਤੇਰੇ ਹਰਨੀਲੇ ਨੇ,
ਇਹੋ ਸਾਡੇ ਜੀਵਨ ਦੇ ਵਸੀਲੇ ਨੇ

ਖਿੜ-ਖਿੜ ਹੱਸਣਾ ਹਰਦਮ ਤੇਰਾ ਨੀ
ਇਸ ਨੇ ਹੀ ਮੇਰੇ ਮਨ ਦੇ ਮਿਰਗ ਕੀਲੇ ਨੇ

ਤੇਰੇ ਕੁਰਬਾਨ ਹਾਂ ਜੋ ਸੁਣ ਕੇ ਚੋਭਾਂ ਮੇਰੀਆਂ
ਤੂੰ ਆਪਣੇ ਸੱਜਣਾ ਹੋਂਠ ਸੀ ਲਏ ਨੇ

ਖ਼ੁਸ਼ਕਿਸਮਤ ਹਾਂ ਮੈਂ ਸੱਜਣਾ
ਹੱਸ ਕੇ ਜਿੰਨੇ ਕੁ ਪਲ ਤੇਰੇ ਨਾਲ ਜੀਅ ਲਏ ਨੇ

ਹੱਸ ਕੇ ਲੰਘੇ ਅੱਗੇ ਵੀ ਹੱਸ ਕੇ ਲੰਘਣ
ਇਹ ਜੋ ਜ਼ਿੰਦਗੀ ਦੇ ਪਲ ਕਈ ਮੀਲੇ ਨੇ

ਹਰ ਜਨਮ ਤੇਰੇ ਸਾਥ ਹੋਵੇ ਤਮੰਨਾ ਮੇਰੀ ਹੈ
ਉਹਦੇ ਹੱਥ ਜੋ ਲੇਖ ਲਿਖੇ ਭੋਗਣੇ ਹਰ ਹੀਲੇ ਨੇ

✵



## ਗੱਲ ਨਾ ਸੁਣ

ਦੁਨੀਆ ਦੀ ਤੂੰ ਗੱਲ ਨਾ ਸੁਣ
ਆਪਣੇ ਦੁਆਲੇ ਮੋਹ ਦਾ ਜਾਲ ਨਾ ਬੁਣ

ਕੋਈ ਨਾ ਕਿਸੇ ਦੇ ਨਾਲ ਤੁਰੇ
ਤੂੰ ਵੀ ਤੁਰ ਆਪਣੀ ਧੁੰਨ

ਨਾ ਕਰ ਕੱਠੀਆਂ ਮੌਤ ਦੀਆਂ ਲੱਕੜਾਂ
ਇਕ ਦਿਨ ਇਨ੍ਹਾਂ ਨੂੰ ਖਾ ਜਾਵੇਗਾ ਘੁਣ

ਤਪਦੇ ਅਹਿਰਨ ਵਿਚ ਖਾ ਕੇ ਸੱਟ ਵਦਾਨ ਦੀ
ਹੋ ਕੇ ਪੱਕਾ ਗਾ ਪ੍ਰਭੂ ਦੇ ਗੁਣ

✵

## ਜ਼ਮੀਰਾਂ

ਇਹਨਾਂ ਲੋਕਾਂ ਦੇ ਜ਼ਮੀਰਾਂ ਨੂੰ ਜਗਾਉਣਾ ਬੜਾ ਔਖਾ
ਮਿੱਤਰਾ ਇਨ੍ਹਾਂ ਦੀ ਮੈਂ ਨੂੰ ਮਾਰਨਾ ਬੜਾ ਔਖਾ।

ਜ਼ੋਰ ਦੇ ਕੇ ਤੂੰ ਜੋ ਦੇ ਰਿਹਾਂ ਭਾਸ਼ਣ ਇਨ੍ਹਾਂ ਦੇ ਉਤੋਂ ਲੰਘੀ ਜਾਵੇ
ਦੋ ਚਾਰ ਨੂੰ ਛੱਡ ਕੇ ਬਾਕੀਆਂ ਨੂੰ ਸਮਝਾਉਣਾ ਬੜਾ ਔਖਾ।

ਪਲ ਵਿਚ ਹੀ ਕਿਸੇ ਦੀ ਘੰਡੀ ਨੱਪ ਦਿੰਦੇ
ਇਨ੍ਹਾਂ ਗਿੱਦੜਾਂ ਨੂੰ ਸ਼ੇਰ ਬਣਾਉਣਾ ਬੜਾ ਔਖਾ।

ਉਹ ਮਿੱਤਰਾ ਸੁੰਨਾ ਹੋ ਗਿਆ ਇਨ੍ਹਾਂ ਦਾ ਅਕਲ ਵਾਲਾ ਬਾਟਾ
ਤੱਤੇ ਬੋਲਾਂ ਦੇ ਤੀਰ ਛੱਡ ਕੇ ਇਨ੍ਹਾਂ ਨੂੰ ਮਚਾਉਣਾ ਬੜਾ ਔਖਾ।
✵



## ਖ਼ਿਆਲ ਮੇਰੇ

ਕਹਾਣੀ ਤੇਰੀ ਖ਼ਿਆਲ ਮੇਰੇ
ਦਰਦ ਤੇਰੇ ਸ਼ਬਦ ਮੇਰੇ
ਮਗਰ ਹਿੱਸੇ ਆਏ ਦੋਵਾਂ ਦੇ
ਹਨੇਰੇ ਹੀ ਹਨੇਰੇ

ਹੰਢਾਏ ਤੂੰ ਨੇ, ਪਰੋਏ ਮੈਂ ਨੇ
ਜ਼ਖ਼ਮ ਤੇਰੇ ਵਿਖਾਏ ਮੈਂ ਨੇ
ਹੈਰਾਨ ਹਾਂ ਮੈਂ ਕੁਰਬਾਨ ਹਾਂ ਮੈਂ
ਕੁਦਰਤ ਨੇ ਕਿਵੇਂ ਬਣਾਏ ਸਾਥ ਤੇਰੇ ਤੇ ਮੇਰੇ

ਚੰਨ ਇਕ ਹੈ ਸੂਰਜ ਇਕ ਹੈ
ਦੋਵਾਂ ਦੇ ਵਿਚਾਲੇ ਬੜੀ ਵਿੱਥ ਹੈ
ਇਕ ਠਾਰਦਾ ਹੈ ਇਕ ਤਾਪਦਾ ਹੈ
ਇਕ ਚੜ੍ਹਦਾ ਹਨੇਰੇ ਇਕ ਚੜ੍ਹਦਾ ਸਵੇਰੇ

ਕਿਉਂ ਨੀ ਤੀਕ ਤੇਰੇ ਪੁੱਜੀ ਚੀਕ ਮੇਰੇ ਮਨ ਦੀ
ਨਹੀਂ ਲੋੜ ਮੈਨੂੰ ਤੇਰੇ ਤਨ ਦੀ
ਬਸ ਪੈ ਜਾਵੇ ਕੰਨੀਂ ਆਵਾਜ਼ ਤੇਰੀ
ਹੋ ਜਾਵਣ ਦੂਰ ਮੇਰੇ ਵੀ ਹਨੇਰੇ
✵

## ਇੱਛਾ

ਮੇਰੀ ਇੱਛਾ ਤੇਰੇ ਤੋਂ ਵੱਖਰੀ ਹੈ
ਪਰ ਇਹ ਦੁਨੀਆ ਬੜੀ ਔਥਰੀ ਹੈ

ਇਨ੍ਹਾਂ ਲਈ ਤਾਂ ਚਾਹਤ ਦਾ ਮਤਲਬ ਇਕੋ ਹੈ
ਪਰ ਮੇਰੀ ਚਾਹਤ ਬਿਨ ਔਖਰੀ ਹੈ

ਕੀ ਜਾਦੂ ਹੈ ਤੇਰੇ ਨੈਣਾਂ ਤੇਰਿਆਂ ਬੋਲਾਂ ਵਿਚ
ਮੇਰੀ ਚਾਹਤ ਫਿਰਦੀ ਤੇਰੇ ਲਈ ਮੱਛਰੀ ਹੈ

ਤੇਰੇ ਆਉਣ ਦਾ ਸੁਣ ਕੇ ਦਿਲ ਬਣ ਜਾਂਦਾ ਹੈ ਵਾਵਰੋਲਾ
ਅੜਦਾ ਹੈ ਉਸ ਨੂੰ ਉਡਾਉਂਦਾ ਵਾਵਰੋਲੇ ਦੀ ਵਾ ਵੱਖਰੀ ਹੈ

✵



## ਆ ਜਾਓ

ਹੋ ਗਿਆ ਆਥਣ
ਰਹਿ ਗਏ ਕਿੱਥੇ
ਉਡੀਕੇ ਸਾਥਣ ਜੀ,
ਤੁਸੀਂ ਹੁਣ ਆ ਜਾਓ

ਕਦੀ ਜਾਵਾਂ ਅੰਦਰ
ਕਦੀ ਆਵਾਂ ਬਾਹਰ
ਨਾ ਦਿਲ ਨੂੰ ਠਾਹਰ
ਬੱਚੇ ਵੀ ਝਾਕਣ ਜੀ
ਤੁਸੀਂ ਹੁਣ ਆ ਜਾਓ
ਘਰਾਂ ਨੂੰ ਆ ਜਾਓ

ਹੋ ਗਿਆ ਹਨੇਰਾ
ਮੁੜ ਗਈਆਂ ਚਿੜੀਆਂ
ਖਾਲੀ ਬਨੇਰਾ
ਹੋ ਗਈ ਆਥਣ ਜੀ
ਤੁਸੀਂ ਹੁਣ ਆ ਜਾਓ
ਘਰਾਂ ਨੂੰ ਆ ਜਾਓ

ਜੀਅ ਪਿਆ ਠਰਦਾ
ਕਾਹਲ ਜਿਹੀ ਪੈਂਦੀ
ਬੂਹਾ ਢੋਅ ਨਾਂ ਰੱਬ ਦਾ ਲੈਂਦੀ
ਕਦੇ ਕੁੰਡੀ ਖੋਲ੍ਹਾਂ ਕਦੇ ਕੁੰਡੀ ਲਾਵਾਂ
ਹੱਥ ਪਏ ਕਾਪਣ ਜੀ
ਤੁਸੀਂ ਹੁਣ ਆ ਜਾਓ
ਘਰਾਂ ਨੂੰ ਆ ਜਾਓ

ਵਕਤ ਇਹ ਮਾੜਾ
ਕਈਆਂ ਨੂੰ ਸਾੜਾ
ਨਾਲ ਨਾ ਲਾਇਓ ਕਿਸੇ ਨੂੰ ਹਾੜਾ
ਹੈ ਦੁਨੀਆ ਪਾਪਣ ਜੀ
ਤੁਸੀਂ ਹੁਣ ਆ ਜਾਓ
ਘਰਾਂ ਨੂੰ ਆ ਜਾਓ

✵

## ਗ਼ਮਗੀਨ

ਕਿੰਨੀ ਕੁ ਖ਼ੁਸ਼ ਦਿਲ ਕਿੰਨੀ ਕੁ ਸੰਗ ਦਿਲ ਤੇ ਕਿੰਨੀ ਕੁ ਹੈ ਗ਼ਮਗੀਨ
ਆ ਜ਼ਰਾ ਅੱਗੇ ਹੋ ਕੇ ਤੇ ਦੇਖ ਇਹ ਦੁਨੀਆ ਬਣੀਂ ਤਮਾਸ਼ਬੀਨ

ਕੁਝ ਦਿਲ ਨੇ ਧੁੱਪਾਂ ਵਰਗੇ ਕੁਝ ਕਾਲੀਆਂ ਰਾਤਾਂ ਕੁਝ ਇਸ ਤੋਂ ਉੱਤੇ
ਕਈ ਪਾਸਾ ਵੱਟ ਲੰਘ ਜਾਂਦੇ ਕਈਆਂ ਨੇ ਵਿਚ ਵੜ ਕੇ ਹੈਨ ਗਲ ਘੁੱਟੇ

ਪਾਪੀ ਪੇਟ ਹੈ ਕਾਰੇ ਕਰਾਉਂਦਾ ਕਈ ਸੱਚਿਆਂ ਨੂੰ ਵੀ ਝੂਠ ਬੋਲਣ ਲਾਉਂਦਾ
ਭੁੱਖ ਹੋਵੇ ਤਾਂ ਫਿਰੇ ਕਰਲਾਉਂਦਾ ਰੱਜ ਜਾਵੇ ਜਦ ਫਿਰ ਢੋਲੇ ਦੀਆਂ ਲਾਉਂਦਾ

ਆਪਾਂ ਹੀ ਕਈ ਵਾਰ ਕਹਿ ਜਾਂਦੇ ਹਾਂ ਛੱਡ ਯਾਰ ਉਹ ਤਾਂ ਹੈ ਮਤਲਬੀ
ਜਦ ਕੋਈ ਉਸ ਨੂੰ ਇਹ ਪਦਵੀ ਦੇਵੇ ਤਾਂ ਫਿਰ ਮਚਦੀ ਹੈ ਖਲਬਲੀ।



## ਐ ਖ਼ੁਦਾ

ਕੁਰਾਹੇ ਪੈ ਰਹੀ ਦੁਨੀਆ ਨੂੰ ਤੂੰ ਰਾਹੇ ਪਾ ਐ ਖ਼ੁਦਾ
ਵਿਗੜਦਾ ਜਾ ਰਿਹਾ ਸੰਤੁਲਨ ਨੂੰ ਬਚਾ ਐ ਖ਼ੁਦਾ

ਹਮਦਰਦੀਆਂ ਅਪਣਾਪਨ ਲਗਦਾ ਹਵਾ ਹੋ ਗਿਆ
ਮਕਾਰੀਆਂ ਖ਼ੁਦਗਰਜ਼ੀਆਂ ਨੂੰ ਠੱਲ ਪਾ ਐ ਖ਼ੁਦਾ

ਭਗਵੇਂ ਲੀੜੇ ਤਿਲਕ ਲਗਾ ਠਗਦੇ ਜਿਹੜੇ
ਇਨ੍ਹਾਂ ਤੋਂ ਭੋਲ਼ੀ ਜਨਤਾ ਨੂੰ ਬਚਾ ਐ ਖ਼ੁਦਾ

ਰਾਤਾਂ ਪਈਆਂ ਤੇ ਨਿਕਲਦੇ ਨੇ ਸੜਕਾਂ ਤੇ ਤੇਰੇ ਬੰਦੇ
ਇਨ੍ਹਾਂ ਦੇ ਸੁੱਤੇ ਮਨੀਂ ਪਿਆਰ ਦੀ ਚਿਣਗ਼ ਜਗ੍ਹਾ ਐ ਖ਼ੁਦਾ

ਲਹੂ ਦਾ ਕਿਉਂ ਹੋ ਗਿਆ ਲਹੂ ਵੈਰੀ
ਇਨ੍ਹਾਂ ਰਿਸ਼ਤਿਆਂ ਦੀ ਲਾਜ ਬਚਾ ਐ ਖ਼ੁਦਾ

ਗ਼ਰੀਬਾਂ ਦਾ ਲਹੂ ਪੀ ਕੇ ਭਰਦੇ ਗੋਗੜਾਂ
ਤੂੰ ਇਨ੍ਹਾਂ ਦੀਆਂ ਗੋਗੜਾਂ ਕੁਝ ਘਟਾ ਐ ਖ਼ੁਦਾ

## ਬੈਠੇ

ਨੀ ਗ਼ਮ ਤੇਰੇ ਅਸੀਂ ਝੋਲ਼ੀ ਪਵਾ ਕੇ ਬੈਠੇ
ਵਾਅਦੇ ਤੇਰੇ ਦਿਲ 'ਚ ਸਜਾ ਕੇ ਬੈਠੇ
ਆਏ ਨਾ ਮੁੜ ਕੇ ਗਏ ਸੀ ਕਹਿ ਕੇ ਹੁਣੇ ਹੀ ਆਏ
ਉਦੋਂ ਦੇ ਅਸੀਂ ਰਾਹ 'ਚੋਂ ਟਿਕਟਿਕੀ ਲਗਾ ਕੇ ਬੈਠੇ
ਭੁੱਲੀਆਂ ਨੀ ਮੈਨੂੰ ਥਾਵਾਂ ਤੂੰ ਜਿੱਥੇ ਚੱਕੀਆਂ ਸੀ ਸੌਂਹਾਂ
ਇਕ-ਇਕ ਸਹੁੰ ਤੇਰੀ ਨੀ ਅਸੀਂ ਦਿਲ 'ਤੇ ਲਗਾ ਕੇ ਬੈਠੇ
ਜਿਨ੍ਹਾਂ ਯਾਰਾਂ ਕੀਤਾ ਅਗਾਹ ਮੈਂ ਉਨਾ ਹੀ ਵਧਿਆ ਅਗਾਂਹ
ਆਈ ਸੁਰਤ ਜਦ ਪਾਣੀ ਸਿਰ ਤੋਂ ਲੰਘਾ ਕੇ ਬੈਠੇ
ਮੈਂ ਹੋਇਆ ਬਰਬਾਦ ਤੂੰ ਹੋ ਗਈ ਆਬਾਦ
ਜਵਾਨੀ ਦੇ ਵਿਚ ਬੁਢਾਪਾ ਹੰਢਾ ਕੇ ਬੈਠੇ
ਖ਼ਬਰੇ ਤੇਰੇ ਨਾਲ ਕਿਸ ਜਨਮ ਦਾ ਸਬੰਧ ਹੈ
ਅਸੀਂ ਜ਼ਿੰਦਗੀ ਨਰਕ ਬਣਾ ਕੇ ਬੈਠੇ
✵



## ਵੇ ਸੱਜਣਾ

ਵੇ ਸੱਜਣਾ ਦੁਨੀਆ ਪਰ੍ਹੇ ਤੋਂ ਪਰ੍ਹੇ
ਮੂੰਹ ਤੇ ਮਿੱਠੀਆਂ ਗੱਲਾਂ ਕਰਦੇ
ਸਦਾਚਾਰ ਦੀ ਹਾਮੀ ਭਰਦੇ
ਪਰਦੇ ਪਿੱਛੇ ਸਭ ਕੁਝ ਕਰਦੇ
ਜੋ ਕੋਈ ਵਿਰਲਾ ਵਿਰਲਾ ਕਰੇ
ਵੇ ਸੱਜਣਾ ਦੁਨੀਆ ਪਰ੍ਹੇ ਤੋਂ ਪਰ੍ਹੇ

ਭੋਲ਼ੀਆਂ-ਭੋਲ਼ੀਆਂ ਸ਼ਕਲਾਂ ਵਾਲੇ
ਮੂੰਹ ਦੇ ਮਿੱਠੇ ਦਿਲ ਦੇ ਕਾਲੇ
ਕੰਮ ਇਨ੍ਹਾਂ ਦੇ ਸਭ ਤੋਂ ਨਿਰਾਲੇ
ਜਿਹੜੇ ਕਹਾਉਂਦੇ ਖਰੇ-ਖਰੇ

ਦਿਲ ਮੇਰਾ ਤਾਂ ਬਹਿੰਦਾ ਜਾਵੇ
ਗੱਲਾਂ ਉਹ ਮੈਨੂੰ ਕਹਿੰਦਾ ਜਾਵੇ
ਕੀ ਸਮਝਿਆ ਕੀ ਨਿਕਲਿਆ
ਦੇਖ-ਦੇਖ ਦਿਲ ਉਸਨੂੰ ਕਹਿੰਦਾ ਜਾਵੇ
ਹਰੇ ਬਈ ਹਰੇ
ਵੇ ਸੱਜਣਾ ਦੁਨੀਆ ਪਰ੍ਹੇ ਤੋਂ ਪਰ੍ਹੇ

ਲਿਖਦੇ ਕਹਿੰਦਾ ਮੇਰੀ ਕਹਾਣੀ
ਮਹਿਬੂਬਾ ਮੇਰੀ ਨਾਲ ਉਲਝੀ ਤਾਣੀ
ਲੜ ਪਿਆ ਮੇਰੇ ਨਾਲ ਉਹਦਾ ਹਾਣੀ
ਫਸ ਗਿਆ 'ਰਵੀ' ਤਾਂ ਵਿਚ ਵਿਚਾਲੇ
ਹੁਣ ਵਿਚਾਰਾ ਕਰੇ ਤਾਂ ਕੀ ਕਰੇ।
✵

## ਇਕੱਲੀ

ਸੱਜਣਾਂ ਸਮੇਂ ਨੇ ਚਾਲ ਕੁਝ ਐਸੀ ਚੱਲੀ
ਐਸਾ ਵਿਛੜਿਆ ਕੀ ਮੈਂ ਰਹਿ ਗਈ 'ਕੱਲੀ

ਜਿਹੜੇ ਸੰਜੋਏ ਸਨ ਸੁਪਨੇ ਆਪਾਂ ਦੋਵੇਂ
ਖਿਲਰ ਗਏ ਇਕ-ਇਕ ਕਰਕੇ ਹੋ ਗਈ ਝੱਲੀ

ਨਾ ਤੇਰੇ ਵੱਸ ਨਾ ਮੇਰੇ ਕੁਦਰਤ ਤੇ ਕਿਸਦਾ ਵੱਸ
ਹਨੇਰੀ ਉੱਡ ਗਈ ਤੂੜੀ ਕਰਮਾਂ ਦੀ ਖਾਲੀ ਰਹਿ ਗਈ ਪੱਲੀ

ਛੱਡ ਕੇ ਤੁਰਿਆ ਤੂੰ ਏਦਾਂ ਰੋਂਦੀ ਨੂੰ ਮੁੜ ਕੇ ਨਾ ਤੱਕਿਆ
ਪੁੱਛ ਕਿਸ ਹਾਲ 'ਚ ਹੈ ਜਿਸ ਨੂੰ ਕਹਿੰਦਾ ਸੀ ਬੱਲੀ

ਇਕੱਠਿਆਂ ਜੀਣ ਦੀਆਂ ਕਸਮਾਂ ਇਕੱਠੇ ਮਰਨ ਦੇ ਵਾਅਦੇ
ਛੱਡ ਤੁਰ ਗਿਉਂ ਫਸਗੀ ਵਿਚ ਮੰਝਧਾਰ ਇਕੱਲੀ
✵



## ਅਧੂਰੇ ਚਾਅ

ਤੂੰ ਉਂਗਲੀ ਫੜ ਘੁੰਮਾਇਆ ਸੀ
ਰੋਂਦੇ ਨੂੰ ਗਲ ਨਾਲ ਲਾਇਆ ਸੀ
ਜਦੋਂ ਸ਼ੋਰ ਅਸਾਂ ਮਚਾਇਆ ਸੀ
ਫਿਰ ਤੂੰ ਕੰਨ ਤੇ ਇਕ ਖੜਕਾਇਆ ਸੀ
ਗਲ ਲੱਗ ਕੇ ਫਿਰ ਤੇਰੇ ਬਹੁਤ ਰੋਏ
ਫਿਰ ਤੂੰ ਚੁੱਪ ਕਰਾਇਆ ਸੀ।

ਇਕ ਗੱਲ ਚੰਗੀ ਕੀਤੀ ਜੋ ਪਿੰਡੋਂ ਕੱਢ ਲਿਆ ਸੀ
ਕੁਝ ਜਾਚ ਸਿੱਖੀ ਅਸੀਂ ਜੀਵਨ ਦੀ
ਕੁਝ ਚੰਗਾ ਖਾਵਣ ਪੀਵਣ ਦੀ
ਅਸੀਂ ਆਪਣੇ ਪੈਰੀਂ ਖੜ੍ਹੇ ਹੋ ਗਏ
ਇਹ ਦੇਖ ਚਿਹਰਾ ਤੇਰਾ ਮੁਸਕਰਾਇਆ ਸੀ।
ਕੁਝ ਚਾਅ ਤੇਰੇ ਹਾਲੇ ਅਧੂਰੇ ਸੀ
ਜੋ ਹੋਣੇ ਹਾਲੇ ਪੂਰੇ ਸੀ
ਤੂੰ ਹੁਣ ਤੱਕ ਸਾਡੇ ਅੱਗੇ ਲੱਗ ਕੇ ਤੁਰਿਆ ਸੀ
ਰਾਹ ਸਾਡਾ ਰੌਸ਼ਨ ਕੀਤਾ ਸੀ
ਜਦ ਵਾਰੀ ਸਾਡੀ ਆਈ ਸੀ
ਤੇ ਅੱਗੇ ਲੱਗ ਕੇ ਤੁਰਨੇ ਦੀ
ਤੇਰੇ ਚਾਅ ਪੂਰੇ ਕਰਨੇ ਦੀ
ਤੂੰ ਉਂਗਲੀ ਛੁਡਾ ਕੇ ਬਾਬਲਾ

ਦੂਰ ਕਿਤੇ ਤੁਰਿਆ ਸੀ
ਚਾਅ ਤੇਰੇ ਸੱਧਰਾਂ ਸਾਡੀਆਂ ਮਨ ਵਿਚ ਰਹਿ ਗਈਆਂ
ਬਸ ਹੁਣ ਤਾਂ ਤੇਰੀਆਂ ਗੱਲਾਂ ਤੇਰੀਆਂ ਝਿੜਕਾਂ
ਤੇਰੇ ਹਾਸੇ ਯਾਦਾਂ ਬਣ ਕੇ ਸਾਡੇ ਦਿਲ ਵਿਚ ਰਹਿ ਗਈਆਂ
✵

## ਪੀੜ

ਮੈਨੂੰ ਵਿਛੋੜੇ ਦੀ ਪੀੜ ਸੌਣ ਨਾ ਦੇਵੇ ਰਾਤ ਨੂੰ
ਨਾ ਲਾਉ ਹਿੱਕ ਨਾਲ ਵਾਸਤੇ ਮੈਂ ਪਾਉਨਾਂ ਇਸ਼ਕੇ ਦੀ ਜਾਤ ਨੂੰ

ਦਿਲ ਦੇ ਵਿਚ ਵਸਕੇ ਧੁਰ ਅੰਦਰ ਤੱਕ ਧਸ ਕੇ
ਲੈ ਜਾਂਦੇ ਨੇ ਰੁੱਗ ਭਰ ਕੇ ਕਾਲਜਾ ਫਿਰ ਪੁੱਛਦੇ ਨੀ ਬਾਤ ਨੂੰ

ਵਾਸਤਾ ਨੀ ਇਨ੍ਹਾਂ ਨੂੰ ਤੁਹਾਡੇ ਦਿਲ ਦੀਆਂ ਪੀੜਾਂ ਦਾ
ਇਹ ਤਾਂ ਫਿਰਦੇ ਨੇ ਲਹਾਉਣ ਨੂੰ ਤੁਹਾਡੇ ਹੱਥ 'ਚ ਸੋਨੇ ਦੀ ਧਾਤ ਨੂੰ

ਇਸ ਤੋਂ ਪਹਿਲਾਂ ਕਿ ਆਵੇ ਹੋਸ਼ ਲੁੱਟ ਕੇ ਜਾਂਦੇ ਨੇ ਔਹ
ਪੋਲੇ ਪੱਬੀਂ ਵੜਦੇ ਨੇ ਦਿਲ ਦੇ ਵਿਹੜੇ ਕਿੱਦਾਂ ਕੋਈ ਪਛਾਣੇ ਇਨ੍ਹਾਂ ਦੀ ਜਾਤ ਨੂੰ

ਲੁਟਾ ਕੇ ਵੀ ਸਭ ਕੁਝ 'ਰਵੀ' ਮੰਗੇ ਇਨ੍ਹਾਂ ਦੀਆਂ ਖੈਰਾਂ
ਮਾਫ਼ ਕਰ ਦੇਵੀਂ ਭੁੱਲਿਆਂ ਦੀ ਅਰਦਾਸ ਕਰੇ ਪ੍ਰਭਾਤ ਨੂੰ



## ਪਤਾ ਲਗਦਾ ਨਹੀਂ

ਉਸ ਮਾਲਕ ਦੇ ਘਰ ਦਾ ਪਤਾ ਲਗਦਾ ਨਹੀਂ
ਕਦੋਂ ਸੁੱਖ ਬਣ ਜਾਣ ਦੁੱਖ ਪਤਾ ਲਗਦਾ ਨਹੀਂ
ਉਹ ਕਿਹੜੀ ਗੱਲ ਤੇ ਰਾਜ਼ੀ ਕਿਹੜੀ ਗੱਲ ਤੇ ਖ਼ਫ਼ਾ
ਪਤਾ ਲੱਗਦਾ ਨਹੀਂ ਉਸ ਮਾਲਕ...

ਕੱਖ ਤੋਂ ਲੱਖ ਤੇ ਲੱਖ ਤੋਂ ਕੱਖ ਕਦੋਂ ਬਣਾ ਦੇਵੇ,
ਪਤਾ ਲੱਗਦਾ ਨਹੀਂ
ਕਦੋਂ ਮੀਂਹ ਵਰ੍ਹਾ ਦੇਵੇ ਤੇ ਕਦੋਂ ਧੁੱਪ ਚੜ੍ਹਾ ਦੇਵੇ,
ਪਤਾ ਲਗਦਾ ਨਹੀਂ
ਕਦੋਂ ਬੰਜਰ 'ਚੋਂ ਫੁੱਲ ਉਗਾਵੇਂ ਤੇ ਕਦੋਂ ਬਾਗਾਂ ਨੂੰ ਬੰਜਰ ਬਣਾਵੇਂ,
ਪਤਾ ਲਗਦਾ ਨਹੀਂ
ਡਿਗਦੇ ਦੇਖੇ ਨੇ ਪਲ 'ਚੋਂ ਧਰਤ ਤੇ ਅੰਬਰਾਂ ਤੇ ਚੜ੍ਹੇ ਜਿਹੜੇ
ਬਣ ਵਾਵਰੋਲਾ ਕਦੋਂ ਮਿੱਟੀ ਅੰਬਰੀਂ ਚੜ੍ਹਾ ਦੇਵੇ
ਪਤਾ ਲਗਦਾ ਨਹੀਂ
ਉਸ ਮਾਲਕ ਦੇ ਘਰ ਦਾ ਪਤਾ ਲੱਗਦਾ ਨਹੀਂ

## ਲੱਗਿਆ ਸੀ

ਸੂਰਤ ਤੋਂ ਸੋਹਣਾ ਲੱਗਿਆ ਸੀ
ਮੁੱਖ ਤੋਂ ਬੋਲਦਾ ਸੋਹਣਾ ਲੱਗਿਆ ਸੀ

ਬੱਸ ਮੈਂ ਤਾਂ ਗਿਆ ਠੱਗਿਆ ਸੀ
ਛੱਡ ਸਭ ਕੁਝ ਪਿੱਛੇ ਲੱਗਿਆ ਸੀ
ਇਸ਼ਕ ਹੁੰਦਾ ਹੈ ਅੰਨ੍ਹਾ ਮੈਂ ਇਸ
ਵਾਕ ਤੋਂ ਦੂਰ ਭੱਜਿਆ ਸੀ
ਚੂਰ ਸਾਂ ਮਸਤੀ ਵਿਚ ਸਭ ਤੋਂ ਅਲੱਗ
ਜਦ ਉਸ ਨੂੰ ਉਹ ਮਿਲਿਆ ਜੋ ਉਸ ਨੇ ਚਾਹਿਆ
ਛੁਡਾ ਕੇ ਹੱਥ ਫਿਰ ਮੈਥੋਂ ਦੂਰ ਭੱਜਿਆ ਸੀ
ਫੜਫੜਾਉਂਦਾ ਬੁਰੀ ਤਰ੍ਹਾਂ ਆਹਤ ਮੈਂ ਧਰਤ ਤੇ ਡਿੱਗਿਆ ਸੀ
ਤੀਰ ਬੁਰਾ ਵਿਛੋੜੇ ਵਾਲਾ ਏਨੇ ਨਿਸ਼ਾਨੇ ਤੇ ਲੱਗਿਆ ਸੀ
'ਰਵੀ' ਕੀ ਕਰੇ ਭਰੋਸਾ ਕੋਈ ਇਨ੍ਹਾਂ ਦਿਲ ਦੇ ਕਾਲ਼ਿਆਂ ਤੇ
ਬੇ-ਅਥਾਹ ਮੇਰੇ ਨੈਣੋਂ ਨੀਰ ਵਗਿਆ ਸੀ।
✵



## ਜੱਗ

ਚੰਗੇ ਬੰਦਿਆਂ ਨੂੰ ਰਹਿੰਦਾ ਤੰਗ ਕਰਦਾ
ਨੇੜੇ ਬੁਰਿਆਂ ਦੇ ਹੋ ਹੋ ਕੇ ਖੜ੍ਹਦਾ
ਬੜਾ ਭੈੜਾ ਜੱਗ ਸੋਹਣਿਆਂ

ਮੂੰਹ ਤੇ ਗੁਣ ਤੇਰੇ ਗਾਊ ਪਿੱਠ ਪਿੱਛੇ ਚੋਭਾਂ ਲਾਊ
ਕੀ ਕਰੇਗਾ ਭਰੋਸਾ ਤੇਰਾ ਪੱਲੇ ਰੋਸਾ ਪਾਊ
ਤੈਨੂੰ ਛੱਡੂਗਾ ਬਣਾਕੇ ਫ਼ਕੀਰ ਦਰ-ਦਰ ਦਾ
ਬੜਾ ਭੈੜਾ ਜੱਗ ਸੋਹਣਿਆਂ

ਕੀਹਦੀ-ਕੀਹਦੀ ਗੱਲ ਕਰਾਂ ਕੀਹਨੂੰ-ਕੀਹਨੂੰ ਮੈਂ ਫੜਾਂ
ਪਾਕ ਦਿਖੇ ਨਾ ਕੋਈ, ਕੀਹਦੇ ਕੋਲ ਮੈਂ ਖੜ੍ਹਾਂ
ਜੱਗ ਅੱਖਾਂ ਕੱਢ-ਕੱਢ ਝਾਕੇ ਹੱਸੇ ਮਾਰ ਠਹਾਕੇ
ਜਦੋਂ ਪਿੱਠ ਘੁੰਮਾਈ ਵਾਰ ਕਰਦਾ
ਖੋਲ੍ਹਾਂ ਬੂਹਾ ਜਦੋਂ ਮੈਂ ਆਪਣੇ ਘਰਦਾ
ਬੜਾ ਭੈੜਾ ਜੱਗ ਸੋਹਣਿਆਂ

ਮੈਂ ਵੀ ਖਾ ਲਿਆ ਧੋਖਾ ਤਾਹੀਂ ਰਹਿੰਦਾ ਔਖਾ-ਔਖਾ
ਨਾ ਕਰੋ ਕਿਸੇ ਨੂੰ ਖ਼ਰਾਬ ਦੇਣਾ ਪੈਣਾ ਉੱਤੇ ਜਾ ਕੇ ਲੇਖਾ ਜੋਖਾ
ਫੇਰ ਲੈਣੀ ਕਿਸੇ ਨਾ ਸਾਰ, ਪੈਣੀ ਸੰਗਲਾਂ ਦੀ ਮਾਰ
ਫਿਰ ਖੁੱਲ੍ਹੇ ਬੂਹੇ ਤੇਰੇ ਲਈ ਨਰਕ ਦੇ ਦਰ ਦਾ
ਬੜਾ ਭੈੜਾ ਜੱਗ ਸੋਹਣਿਆਂ
✵

## ਤੁਪਕਾ ਤੇਲ ਦਾ

ਨੀ ਖ਼ਬਰੇ ਕਦ ਸਬੱਬ ਬਣੂ ਤੇਰੇ ਮੇਰੇ ਮੇਲ ਦਾ
ਤੇਰੀਆਂ ਯਾਦਾਂ 'ਚੋਂ ਤੈਰਾਂ ਜਿਵੇਂ ਪਾਣੀ 'ਚ
ਤੈਰੇ ਤੁਪਕਾ ਤੇਲ ਦਾ

ਆਇਆ ਚੜ੍ਹ ਕੇ ਸਾਉਣ ਤੇ ਵਰ੍ਹ ਲੰਘ ਗਿਆ
ਹੋ ਗਿਆ ਵਿਆਕੁਲ ਤੱਕ ਨਜ਼ਾਰਾ ਪਤੰਗਿਆਂ ਦੇ ਮੇਲ ਦਾ

ਲੰਘਣਗੇ ਜਿਵੇਂ ਪਲ ਇਹ ਡਾਹਢੇ ਵਿਛੋੜੇ ਦੇ
ਨਾ ਮੰਨਿਆ ਡਾਹਢਾ ਹੈ ਵਾਰਡਨ ਵਿਛੋੜੇ ਦੀ ਜੇਲ੍ਹ ਦਾ

ਗਿਣ-ਗਿਣ ਥੱਕਿਆ ਜਾਂ ਵੀਹਵੇਂ ਤੀਹਵੇਂ ਤੇ ਫਸਿਆ
ਇਹ ਸੋਚ ਸੌਂ ਗਿਆ ਕਿ ਸੁਪਨਾ ਆਵੇ ਮੇਰੇ ਮੇਲ ਦਾ

ਜੋ ਯਾਦਾਂ ਮੇਰੇ ਪਾਸ ਨੇ ਹੁਣ ਉਹ ਵੀ ਉਦਾਸ ਨੇ
ਕਹੇ 'ਰਵੀ' ਇਕ ਵਾਰ ਯਾਦ ਕਰਾਕੇ ਤਾਜ਼ਾ ਕਰ ਜਾ ਅੰਤ ਇਸ ਖੇਲ੍ਹ ਦਾ
✵



## ਉਦਾਸ

ਓ ਦਿਲਾ ਤੂੰ ਕਿਉਂ ਬੈਠਾ ਏਂ ਉਦਾਸ
ਸਿੱਖ ਜ਼ਮਾਨੇ ਨਾਲ ਜੀਣਾ ਤੂੰ ਕਰ ਨਾ ਇਤਬਾਰ
ਦਿਲ ਲੈਣਾ ਦਿਲ ਦੇਣਾ ਗੱਲ ਹੋ ਗਈ ਬੀਤੇ ਜ਼ਮਾਨੇ ਦੀ
ਹੁਣ ਪਿਆਰ ਬਣ ਗਿਆ ਹੈ ਜਿਸਮਾਂ ਦਾ ਵਪਾਰ
ਇਸ ਜ਼ਮਾਨੇ ਵਿਚ ਵਫ਼ਾ ਖੰਭ ਲਾ ਕੇ ਹੈ ਉੱਡੀ
ਹੁਣ ਆ ਗਈ ਜ਼ਮਾਨੇ ਵਿਚ ਜਫ਼ਾ ਦੀ ਬਹਾਰ
ਹੁਣ ਪਲ਼ਦੀਆਂ ਨੇ ਦੋਸਤੀਆਂ ਇੱਥੇ ਮਤਲਬ ਲਈ
ਇੱਥੇ ਕੋਈ ਯਾਰ ਨਹੀਂ, ਸਭ ਮਤਲਬ ਦੇ ਨੇ ਯਾਰ
ਕੱਲ੍ਹ ਜਿਸ ਵਧਾਇਆ ਸੀ ਮੇਰੇ ਵੱਲ ਹੱਥ ਦੋਸਤੀ ਦਾ
ਅੱਜ ਫਿਰ ਰਿਹਾ ਸਰੇ ਬਜ਼ਾਰ ਮੈਨੂੰ ਮਾਰਨ ਲਈ ਤਿਆਰ
ਫਿਰ ਰਿਹਾ ਕਿਸੇ ਹੋਰ ਨਾਲ ਜਿਤਾਉਂਦਾ ਪਿਆਰ
ਰੁੱਸਿਆਂ ਨੂੰ ਮਨਾਉਣ ਦੀ ਤਰਤੀਬ ਦੱਸ ਜਾ
ਗਿਆਂ ਨੂੰ ਮੋੜ ਲਿਆਉਣ ਦੀ ਤਰਕੀਬ ਦੱਸ ਜਾ
ਨਾ ਦਿਲ ਤੋੜ ਕਿਸੇ ਦਾ ਨਾਜ਼ੁਕ ਜਿਹਾ
ਇਹ ਹੁਸਨ ਵਾਲਿਆਂ ਨੂੰ ਪਿਆਰ ਦੀ ਤਹਿਜੀਬ ਦੱਸ ਜਾ
ਦੇ ਜਾਂਦੇ ਦਰਦ ਨੇ ਇਹ ਪਾ ਕੇ ਵਿਛੋੜਾ
ਇਸ ਦਰਦ ਨੂੰ ਛੁਪਾਉਣ ਦੀ ਤਰਕੀਬ ਦੱਸ ਜਾ
ਇਹ ਟੁੱਟੇ ਹੋਏ ਦਿਲ ਜੋ ਭਰਦੇ ਪਏ ਨੇ ਆਹਾਂ
ਇਨ੍ਹਾਂ ਨੂੰ ਜੋੜਨ ਦੀ ਤਰਕੀਬ ਦੱਸ ਜਾ
ਕਰੀਏ ਕੀ ਦਾਨ ਰਵੀ ਇਨ੍ਹਾਂ ਪੱਥਰੇ ਦਿਲਾਂ ਲਈ
ਇਹ ਬਣ ਜਾਣ ਮੋਮ ਕੋਈ ਤਰਕੀਬ ਦੱਸ ਜਾ
✵

## ਕੀ ਕਰੀਏ

ਤੈਨੂੰ ਮਿਲ ਕੇ ਅਸੀਂ ਕੀ ਕਰੀਏ
ਤੂੰ ਨਜ਼ਰ ਉਤਾਂਹ ਚੁੱਕਦੀ ਨਹੀਂ
ਜਦ ਤੈਨੂੰ ਤੇਰੇ ਦਿਲ ਦੀ ਗੱਲ ਪੁੱਛੀਏ
ਤੂੰ ਭੇਦ ਦਿਲ ਦੇ ਦੱਸਦੀ ਨਹੀਂ
ਗੱਡ ਨੈਣ ਧਰਤ ਵਿਚ ਖੜ੍ਹੋ ਜਾਵੇਂ
ਨਾਲ ਪਿਆਰ ਦੇ ਤੂੰ ਤਾਂ ਤੱਕਦੀ ਨਹੀਂ
ਕੀ ਸਮਝਾਵੇਂ ਖਿੱਚ ਲਕੀਰਾਂ
ਸਮਝ ਨਾ ਆਵੇ ਗੱਲ ਵੱਸ ਦੀ ਨਹੀਂ
ਬਸ ਹਾਂ ਨਾਂਹ ਵਿਚ ਹੀ ਸਿਰ ਹਿਲਾ ਦੇਵੇਂ
ਮੂੰਹੋਂ ਬੋਲ ਕੇ ਕੁਝ ਤੂੰ ਦੱਸਦੀ ਨਹੀਂ
'ਰਵੀ' ਘਾਇਲ ਹੋਣ ਨੂੰ ਫਿਰਦਾ ਹੈ
ਪਰ ਤੂੰ ਤੀਰ ਨੈਣ ਕਮਾਨੋਂ ਛੱਡਦੀ ਨਹੀਂ
✷



## ਕੀ ਫ਼ਾਇਦਾ

ਐਵੇਂ ਦਿਲ ਵਟਾਉਣ ਦਾ ਕੀ ਫ਼ਾਇਦਾ
ਜਿੰਦ ਸੂਲ਼ੀ ਚੜ੍ਹਾਉਣ ਦਾ ਕੀ ਫ਼ਾਇਦਾ
ਪਤਾ ਇਸ਼ਕ ਦੀ ਰਾਹ ਪੱਧਰੀ ਨਹੀਂ
ਜ਼ਿੰਦ ਦਾਅ ਤੇ ਲਾਉਣ ਦਾ ਕੀ ਫ਼ਾਇਦਾ
ਇਹ ਮਰਜ਼ ਹੈ ਬਹੁਤੀ ਬੁਰੀ
ਐਵੇਂ ਹੱਡ ਖਰਾਉਣ ਦਾ ਕੀ ਫ਼ਾਇਦਾ
ਲੱਭਿਆਂ ਲੱਭਣਾ ਕੁਝ ਨਹੀਂ
ਮੂੰਹ ਕਾਲ਼ਾ ਕਰਾਉਣ ਦਾ ਕੀ ਫ਼ਾਇਦਾ
ਹਾਸੇ ਹੰਝੂਆਂ ਦੇ ਵਿਚ ਬਦਲ ਜਾਣਗੇ
ਦੁਨੀਆ ਵੈਰੀ ਬਣਾਉਣ ਦਾ ਕੀ ਫ਼ਾਇਦਾ
✷

## ਜਾਦੂ

ਜਦ ਕੀਤੀ ਤੂੰ ਨਜ਼ਦੀਕ ਹੋਣ ਦੀ ਕੋਸ਼ਿਸ਼
ਉਦੋਂ ਸੱਜਣਾ ਮੈਂ ਸੰਗ ਗਈ
ਤੱਕਿਆ ਮਦਹੋਸ਼ ਜਿਹੇ ਤੂੰ ਨੈਣਾਂ ਨਾਲ
ਮੇਰੀ ਰੂਹ ਅੰਦਰ ਤੱਕ ਕੰਬ ਗਈ
ਜਦ ਫੜੀ ਕਲਾਈ ਤੂੰ ਨਰਮ ਜਿਹੀ
ਖਿੱਚੋਤਾਣੀ ਟੁੱਟ ਮੇਰੀ ਵੰਗ ਗਈ
ਜਦ ਮੱਥਾ ਮੇਰਾ ਚੁੰਮਿਆ ਤੂੰ
ਇੱਕ ਤਾਰ ਪਿੰਡੇ 'ਚੋਂ ਲੰਘ ਗਈ
ਖ਼ਬਰੇ ਕੀ ਜਾਦੂ ਹੈ ਤੇਰੇ ਬੋਲਾਂ ਵਿਚ
ਸੁਰਤੀ ਹੋਵੇ ਮੇਰੀ ਭੰਗ ਗਈ
*



## ਕੀ ਕਹਾਂ

ਕੀ ਕਹਾਂ ਕਿੱਦਾਂ ਕਹਾਂ
ਕਿ ਮੈਂ ਤੈਨੂੰ ਪਿਆਰ ਕਰਦਾ ਹਾਂ
ਚੁੰਨੀ ਬੁੱਲ੍ਹਾਂ ਵਿਚ ਦੱਬਣੀ ਮੱਥੇ ਪਾਉਣੀਆਂ ਤਿਉੜੀਆਂ
ਲੱਗਦੀਆਂ ਨੇ ਚੰਗੀਆਂ ਇਹੋ ਅਦਾਵਾਂ
ਇਨ੍ਹਾਂ ਅਦਾਵਾਂ 'ਤੇ ਹੀ ਮਰਦਾ ਹਰ ਕੋਈ
ਕੋਸ਼ਿਸ਼ ਕਰਦਾ ਹਾਂ ਮੈਂ ਤੈਨੂੰ ਕੁਝ ਕਹਿਣ ਦੀ
ਆਪਣੇ ਦਿਲ ਦੀ ਗੱਲ ਤੇਰੇ ਤੱਕ ਪਹੁੰਚਾਉਣ ਦੀ
ਪਰ ਤੇਰੀ ਘੂਰੀ ਜਿਹੀ ਤੋਂ ਡਰਦਾ ਹਾਂ
ਹੋ ਨਾ ਜਾਵੇ ਕਿਤੇ ਏਦਾਂ ਹੀ ਸ਼ਾਮ ਜ਼ਿੰਦਗੀ ਦੀ
ਕੋਸ਼ਿਸ਼ ਕਰ ਤੂੰ ਵੀ ਮੈਨੂੰ ਦੇਖ ਕੇ ਮੁਸਕਰਾਉਣ ਦੀ
ਫਿਰ ਮੈਂ ਤੈਨੂੰ ਕੁਝ ਕਹਿਣ ਦੀ ਹਿੰਮਤ ਕਰਦਾ ਹਾਂ
ਜੇ ਹੈ ਗਰੂਰ ਤੈਨੂੰ ਆਪਣੇ ਹੁਸਨ 'ਤੇ
ਮੈਨੂੰ ਵੀ ਵਿਸ਼ਵਾਸ ਹੈ ਆਪਣੇ ਦਿਲ 'ਤੇ
ਤੈਨੂੰ ਅੱਜ ਤੋਂ ਆਪਣਾ ਬਣਾਉਣ ਦਾ ਪ੍ਰਣ ਕਰਦਾ ਹਾਂ
ਮਿਲ ਜਾਣਗੇ ਬਹੁਤ ਹੁਸਨ ਨੂੰ ਪੂਜਣ ਵਾਲੇ ਤੈਨੂੰ
ਮਿਲਣਾ ਨੀ ਰੂਹ ਨੂੰ ਰੱਬ ਮੰਨਣ ਵਾਲਾ
*

## ਜਾਚ

ਕਿਉਂ ਕੀਤਾ ਸੀ ਤੂੰ ਸਾਡੇ ਨਾਲ ਪਿਆਰ ਨੀ
ਜੇ ਤਾਂਘ ਨਹੀਂ ਸੀ ਲੱਗੀਆਂ ਨਿਭਾਉਣ ਦੀ
ਸਮਝਿਆ ਤੈਨੂੰ ਆਪਣੀ ਤਕਦੀਰ ਨੀ
ਕੀ ਲੋੜ ਸੀ ਤੈਨੂੰ ਝੂਠੇ ਲਾਰੇ ਲਾਉਣ ਦੀ
ਮਹਿਬੂਬਾ ਹੈ ਸ਼ਰਾਬ ਸਾਡੀ
ਖਾਧੀ ਹੈ ਸਹੁੰ ਉਸ ਨੇ ਮੜ੍ਹੀਆਂ ਤੱਕ ਨਾਲ ਜਾਣ ਦੀ
ਜਦੋਂ ਹੋਈਏ ਇਕੱਲੇ ਬਣੇ ਸਹਾਰਾ
ਦੱਸਦੀ ਹੈ ਜਾਚ ਮਨ ਸਮਝਾਉਣ ਦੀ
✵



## ਬਹਾਰ ਆਈ

ਜਦ ਵੀ ਆਇਆ ਕੋਈ ਮੇਰੀ ਜ਼ਿੰਦਗੀ ਵਿਚ
ਮੇਰੇ ਖੇਮੇ ਵਿਚ ਵੀ ਬਹਾਰ ਆਈ

ਅਸਾਂ ਤਾਂ ਸਮਝਿਆ ਹਰ ਇਕ ਨੂੰ ਆਪਣਾ
ਪਰ ਮੇਰੇ ਹਿੱਸੇ ਕਦੇ ਵਫ਼ਾ ਨਾ ਆਈ

ਸਹਿ ਜਾਂਦਾ ਸਾਂ ਹਰ ਇਕ ਗੱਲ ਨੂੰ ਮੈਂ ਤਾਂ
ਇਹ ਕਮਜ਼ੋਰੀ ਨੇ ਮੇਰੀ ਇਹ ਹਾਲਤ ਬਣਾਈ

ਕਰਕੇ ਭਰੋਸਾ ਜਿਸ ਤੇ ਦੱਸੀ ਦਿਲ ਦੀ ਗੱਲ
ਉਹੀ ਉਡਾਵੇ ਮਜ਼ਾਕ ਮੈਨੂੰ ਸਮਝ ਨਾ ਆਈ

ਕਰਦਾ ਰਿਹਾ ਕੋਸ਼ਿਸ਼ ਮੈਂ ਤਾਂ ਰੁੱਸਿਆ ਮਨਾਉਣ ਦੀ
ਪਰ ਮੇਰੇ ਹਿੱਸੇ ਸਦਾ ਰੁਸਵਾਈ ਹੀ ਆਈ।
✵

## ਯਾਦਾਂ

ਰੋੜ ਬਣ ਕੇ ਚੁਭਦੀਆਂ ਨੇ
ਕੰਡੇ ਬਣ ਕੇ ਖੁਭਦੀਆਂ ਨੇ
ਕੁਝ ਯਾਦਾਂ ਤੇਰੀਆਂ ਸੱਜਣਾ
ਹਰ ਰੋਜ਼ ਦਿਲ ਦੇ ਵਿਹੜੇ ਥੋਹਰ ਬਣ ਕੇ ਉੱਗਦੀਆਂ

ਇਹ ਚੜ੍ਹ ਜਾਂਦੀਆਂ ਨੇ ਮੇਰੇ ਸਿਰ ਨੂੰ
ਬਣ ਕੇ ਅਮਰ ਵੇਲਾਂ
ਲਾਹ-ਲਾਹ ਕੇ ਪਰ੍ਹਾਂ ਸੁੱਟਦਾ ਹਾਂ
ਪੁੱਟ-ਪੁੱਟ ਕੇ ਪਰ੍ਹਾਂ ਸੁੱਟਦਾ ਹਾਂ
ਕਰਦਾ ਹਾਂ ਰੋਸਾ ਜਦ ਮੈਂ
ਇਹ ਵਾਂਗ ਸ਼ਰਾਬੀ ਬੁੱਕਦੀਆਂ

ਲਾ ਕੇ ਤੀਲੀ ਤੁਰ ਗਿਉਂ
ਤੂੰ ਪਿੱਛੇ ਕਿਉਂ ਮੁੜ ਗਿਉਂ
ਦੂਰ ਖੜ੍ਹਾ ਹੋ ਕੇ ਤਮਾਸ਼ਾ ਵੇਖਦਾ
ਨੇੜੇ ਆ ਕੇ ਵੇਖ ਕਿੱਦਾਂ ਨੇ ਰੂਹਾਂ ਧੁਖਦੀਆਂ
ਬੜੀਆਂ ਲੁਕਾਈਆਂ ਪੀੜਾਂ
ਪਰ ਇਹ ਨਾ ਦੁਨੀਆ ਤੋਂ ਲੁਕਦੀਆਂ
✵